# ਫਰਮੋਦਾਤੇ ਗੌਹਰ ਸ਼ਾਹੀ

## (ਗੌਹਰ ਸ਼ਾਹੀ ਦੇ ਫਰਮਾਨ ਜਾਂ ਹੁਕਮ)

ਤਿੰਨ ਹਿੱਸੇ ਇਲਮ ਜ਼ਾਹਿਰ ਦੇ ਹਨ ਅਤੇ ਇੱਕ ਹਿੱਸਾ ਇਲਮ ਬਾਤਨ ਦਾ ਹੈ।

"ਜ਼ਾਹਿਰੀ ਇਲਮ ਹਾਸਿਲ ਕਰਨ ਲਈ ਕਿਸੇ ਮੂਸਾ ਅਲੈ. ਅਤੇ ਬਾਤਨੀ ਇਲਮ ਦੇ ਲਈ ਕਿਸੇ ਖਿਜਰ ਤਲਾਸ਼ ਕਰਨਾ ਪਵੇਗਾ।"

ਜ਼ਿਬਰਾਈਲ ਅਲੈ. ਦੇ ਬਿਗੈਰ ਜੋ ਆਵਾਜ਼ ਆਈ ਉਸ ਨੂੰ ਇਲਹਾਮ ਅਤੇ ਜੋ ਇਲਮ ਆਇਆ ਉਸ ਨੂੰ ਸਹੀਫੇ ਅਤੇ ਹਦੀਸ ਕੁੱਦਸੀ ਕਹਿੰਦੇ ਹਨ।

ਜ਼ਿਬਰਾਈਲ ਅਲੈ. ਦੇ ਸਾਥ ਜੋ ਇਲਮ ਆਇਆ ਉਸ ਨੂੰ ਕੁਰਆਨ ਕਹਿੰਦੇ ਹਨ। ਭਾਵੇਂ ਉਹ ਜਾਹਿਰੀ ਇਲਮ ਹੋਵੇ ਜਾਂ ਬਾਤਨੀ ਇਲਮ ਹੋਵੇ। ਉਸ ਨੂੰ ਤੌਰੇਤ ਕਿਤੇ ਜ਼ਬੂਰ ਜਾਂ ਅੰਜੀਲ ਕਿਤੇ।

ਉਲਮਾਏ ਤੋਂ ਜੇਕਰ ਕੋਈ ਗਲਤੀ ਹੋ ਜਾਵੇ ਤਾਂ ਉਸ ਨੂੰ ਸਿਆਸਤ ਕਹਿ ਕੇ ਛੁਟਕਾਰਾ ਹਾਸਲ ਕਰ ਲੈਂਦੇ ਹਨ। ਔਲੀਆਏ ਤੋਂ ਕੋਈ ਗਲਤੀ ਹੋ ਜਾਵੇ, ਉਸ ਨੂੰ ਹਿਕਮਤ ਸਮਝ ਕੇ ਨਜ਼ਰ ਅੰਦਾਜ਼ ਕਰ ਦਿੰਦੇ ਹਨ। ਜਦੋਂ ਕਿ ਨਬੀਆਂ ਪਰ ਗਲਤੀ ਦਾ ਦਫਾ ਨਹੀਂ ਲਗਦਾ।

"ਜੋ ਜਿਸ ਸ਼ੁਗਲ ਵਿੱਚ ਹਨ ਅੰਦਰ ਤੋਂ ਉਹਨਾਂ ਨਾਲ ਤਾਅਲੁੱਕ ਰੱਖਣ ਵਾਲੀਆਂ ਰੂਹਾਂ ਤਾਕਤਵਰ ਹਨ। ਜੋ ਕਿਸੇ ਵੀ ਸ਼ੁਗਲ ਵਿੱਚ ਨਹੀਂ ਹਨ। ਉਨ੍ਹਾਂ ਦੀਆਂ ਰੂਹਾਂ ਖੁਫਤਾ ਤੇ ਬੇਹਿਸ ਹਨ ਅਤੇ ਜਿਹਨਾਂ ਨੇ ਕਿਸੇ ਵੀ ਤਰੀਕੇ ਨਾਲ ਅੱਲਾਹ ਦਾ ਨਾਮ ਉਹਨਾਂ ਰੂਹਾਂ ਵਿੱਚ ਵਸਾ ਲਿਆ। ਫਿਰ ਉਹਨਾਂ ਦਾ ਸ਼ੁਗਲ ਹਰ ਵਕਤ ਜ਼ਿਕਰ ਸੁਲਤਾਨੀ ਅਤੇ ਇਸ਼ਕ ਖੁਦਾ ਖੁਦਾਵੰਦੀ ਹੈ।"

ਤਾਂ ਹੀ ਇਲਾਮਾ ਇਕਬਾਲ ਨੇ ਕਿਹਾ, "ਅਗਰ ਹੋ ਇਸ਼ਕ ਕੁਫਰ ਵੀ ਹੈ ਮੁਸਲਮਾਨੀ।"

ਸਚਲ ਸਾਈਂ ਨੇ ਕਿਹਾ , "ਬਿਨ ਇਸ਼ਕੇ ਦਿਲਬਰ ਕੇ ਸਚਲ, ਕਿਆ ਕੁਫਰ ਹੈ ਕਿਆ ਇਸਲਾਮ ਹੈ।"

ਸੁਲਤਾਨ ਬਾਹੂ ਨੇ ਕਿਹਾ, "ਜਿੱਥੇ ਇਸ਼ਕ ਪਹੁੰਚਾਵੇ, ਈਮਾਨ ਨੂੰ ਵੀ ਖ਼ਬਰ ਨਾ ਕੋਈ।"

"ਐਸੇ ਲੋਕ ਜਦ ਕਿਸੇ ਧਰਮ ਵਿੱਚ ਹੁੰਦੇ ਹਨ ਜਾਂ ਜਾਂਦੇ ਹਨ ਤਾਂ ਉਹਨਾਂ ਦੀ ਬਰਕਤ ਨਾਲ ਉਸ ਖੇਤਰ ਉੱਪਰ ਅੱਲਾਹ ਦੀ ਰਹਿਮਤ ਦੀ ਬਾਰਛ ਬਰਸਣਾ ਸ਼ੁਰੂ ਹੋ ਜਾਂਦੀ ਹੈ। ਫਿਰ ਉਹ ਬਾਬਾ ਫਰੀਦ ਹੋਣ ਤਾਂ ਹਿੰਦੂ ਸਿੱਖ ਵੀ ਉਹਨਾਂ ਦੀ ਚੌਖਟ ਪਰ! ਭਾਵੇਂ ਬਾਬਾ ਗੁਰੂ ਨਾਨਕ ਹੋਣ ਤਾਂ ਮੁਸਲਿਮ, ਈਸਾਈ ਵੀ ਉਹਨਾਂ ਦੇ ਦਰ ਉੱਤੇ ਚਲੇ ਆਉਂਦੇ ਹਨ।"

## ਇਮਾਮ ਮਹਿੰਦੀ ਤਮਾਮ ਮਜ਼ਹਬਾਂ ਦੀ ਤਜਦੀਦ ਕਰੇਂਗੇ

ਜਿਸ ਤਰ੍ਹਾਂ ਹਜ਼ੂਰ ਪਾਕ ਸੱਲੱਲਾਹੂ ਅਲੈ. ਦੀ ਖਤਮੇ ਨਬੱਵਤ ਦੇ ਬਾਅਦ ਮੁਸਲਿਮ ਵਿੱਚ ਮੁਜੱਦਿੱਦ ਆਉਂਦੇ ਰਹੇ ਅਤੇ ਮਾਹੌਲ ਦੇ ਮੁਤਾਬਿਕ ਦੀਨ ਵਿੱਚ ਤਜਦੀਦ ਕਰਦੇ ਰਹੇ ਇਸੇ ਤਰ੍ਹਾਂ ਇਮਾਮ ਮਹਿੰਦੀ ਅਲੈਹੇਇਸਲਾਮ ਦੇ ਆਉਣ ਦੇ ਬਾਅਦ ਉਨ੍ਹਾਂ (ਮੁਜੱਦਿੱਦਾਂ) ਦੀ ਤਜਦੀਦ ਖਤਮ ਹੋ ਜਾਏਗੀ ਅਤੇ ਸਭ ਧਰਮਾਂ ਦੇ ਮੁਤਾਬਿਕ ਇਮਾਮ ਮਹਿੰਦੀ ਦੀ ਆਪਣੀ ਤਜਦੀਦ ਹੋਵੇਗੀ। ਕੁੱਝ ਕਿਤਾਬਾਂ ਵਿੱਚ ਹੈ, ਉਹ ਇੱਕ ਨਵਾਂ ਦੀਨ ਬਣਾਉਣਗੇ।

## ਫਰਮੋਦਾਤੇ ਗੌਹਰ ਸ਼ਾਹੀ (ਫਰਮਾਨ ਗੌਹਰ ਸ਼ਾਹੀ)

“ਅਗਰ ਕੋਈ ਸਾਰੀ ਉਮਰ ਇਬਾਦਤ ਕਰਦਾ ਰਹੇ ਲੇਕਿਨ ਆਖਰ ਵਿੱਚ ਇਮਾਮ ਮਹਿੰਦੀ ਅਤੇ ਹਜ਼ਰ ਈਸਾ ਅਲੈ. ਦੀ ਵਿਰੋਧਤਾ ਕਰ ਬੈਠਿਆ ਜਿਨ੍ਹਾਂ ਨੇ ਦੁਨੀਆਂ ਵਿੱਚ ਦੁਬਾਰਾ ਆਉਣਾ ਹੈ (ਈਸਾ ਅਲੈ. ਦਾ ਜਿਸਮ ਸਮੇਤ ਅਤੇ ਮਹਿੰਦੀ ਅਲੈ. ਦਾ ਆਰਜ਼ੀ ਰੂਹ ਦੇ ਜ਼ਰੀਏ ਆਉਣਾ ਹੈ) ਤਾਂ ਉਹ ਬਲੀਯਮ ਬਾਅਰੋ ਦੀ ਤਰ੍ਹਾਂ ਦੋਜ਼ਖੀ ਅਤੇ ਇਬਲੀਸ ਦੀ ਤਰ੍ਹਾਂ ਮਰਦੂਦ ਹੈ। ਅਗਰ ਕੋਈ ਸਾਰੀ ਉਮਰ ਕੁੱਤਿਆਂ ਜੈਸੀ ਜ਼ਿੰਦਗੀ ਬਸਰ ਕਰਦਾ ਰਿਹਾ ਲੇਕਿਨ ਆਖਰ ਵਿੱਚ ਉਹਨਾਂ ਦਾ ਸਾਥ ਅਤੇ ਉਨ੍ਹਾਂ ਨਾਲ ਮੁਹੱਬਤ ਕਰ ਬੈਠਾ ਤਾਂ ਉਹ ਕੁੱਤੇ ਤੋਂ ਕੁਤਮੀਰ ਬਣ ਕੇ ਜ਼ੰਨਤ ਵਿੱਚ ਜਾਵੇਗਾ।”

“ਕੁੱਝ ਅਤੇ ਧਰਮ ਕਹਿੰਦੇ ਹਨ ਕਿ ਈਸਾ ਅਲੈ. ਫੌਤ ਹੋ ਗਏ। ਅਫਗਾਨਿਸਤਾਨ ਵਿੱਚ ਉਨ੍ਹਾਂ ਦਾ ਮਜ਼ਾਰ ਹੈ। ਇਹ ਗਲਤ ਪ੍ਰਾਪੇਗ਼ਡਾ ਹੈ। ਅਫਗਾਨਿਸਤਾਨ ਵਿੱਚ ਕਿਸੇ ਈਸਾ ਨਾਮ ਦੇ ਬਜ਼ੁਰਗ ਦਾ ਦਰਬਾਰ ਹੈ। ਉਸ ਪਿਆਦਾ ਜ਼ਮਾਨੇ ਵਿੱਚ ਮਹੀਨਿਆਂ ਦੀ ਮਸਾਫਤ ਜਾ ਕੇ ਦਫਨਾਉਣਾ ਕੀ ਮਕਸਦ ਰੱਖਦਾ ਸੀ। ਫਿਰ ਉਹ ਕਹਿੰਦੇ ਹਨ, “ਆਸਮਾਨ ’ਤੇ ਕਿਵੇਂ ਉਠਾਏ ਗਏ ?” ਅਸੀਂ ਕਹਿੰਦੇ ਹਾਂ ਆਦਮ ਅਲੈ. ਆਸਮਾਨ ਤੋਂ ਕਿਵੇਂ ਉਤਾਰੇ ਗਏ ? ਜਦੋਂਕਿ ਇਦਰੀਸ ਅਲੈ. ਵੀ ਜ਼ਾਹਿਰੀ ਜਿਸਮ ਨਾਲ ਬਹਿਸ਼ਤ ਵਿੱਚ ਹੁਣ ਤੱਕ ਮੌਜੂਦ ਹਨ। ਖਿਜ਼ਰ ਅਲੈ. ਅਤੇ ਇਲਿਆਸ ਜੋ ਦੁਨੀਆਂ ਵਿੱਚ ਹਨ, ਉਹਨਾਂ ਨੂੰ ਅੱਜ ਤੱਕ ਮੌਤ ਨਹੀਂ ਆਈ। ਗੌਂਸ ਪਾਕ ਦੇ ਪੋਤੇ ਹਿਆਤ ਅਲਾਮੀਰ ਛੇ ਸੌ (600) ਸਾਲ ਤੋਂ ਜਿਉਂਦੇ ਹਨ। ਗੌਂਸ ਪਾਕ ਨੇ ਕਿਹਾ ਸੀ, “ਉਸ ਵਕਤ ਤੱਕ ਨਹੀਂ ਮਰਨਾ ਜਦੋਂ ਤੱਕ ਮੇਰਾ ਸਲਾਮ ਮਹਿੰਦੀ ਅਲੈ. ਇਸਲਾਮ ਨੂੰ ਨਾ ਪਹੁੰਚਾਦੋ।” ਸ਼ਾਹ ਲਤੀਫ ਬਰੀ ਇਮਾਮ ਦਾ ਲਕਬ ਉਹਨਾਂ ਨੇ ਹੀ ਦਿੱਤਾ ਸੀ। ਮਰੀਦੀ ਤਰਫ ਬਾਰਾਂ ਕੋਹ ਵਿੱਚ ਉਹਨਾਂ ਦੀ ਬੈਠਕ ਦੇ ਨਿਸ਼ਾਨ ਅਜੇ ਤੱਕ ਸੁਰੱਖਿਅਤ ਹਨ।

“ਜ਼ਾਹਿਰੀ ਗੁਨਾਹ ਦੀ ਸਜ਼ਾ ਜੇਲ੍ਹ, ਜ਼ੁਰਮਾਨਾ ਜਾਂ ਇੱਕ ਦਿਨ ਦੀ ਫਾਂਸੀ ਹੈ। ਅਗਰ ਕੋਈ ਰਾਹੇ ਫਕਰ ਵਿੱਚ ਹੈ ਤਾਂ ਉਸ ਦੀ ਸਜ਼ਾ (ਮਲਾਮਤ) ਬੁਰਾ-ਭਲਾ ਹੈ। ਜਦੋਂਕਿ ਬਾਤਨੀ ਗੁਨਾਹਾਂ ਦੀ ਸਜ਼ਾ ਬਹੁਤ ਜ਼ਿਆਦਾ ਹੈ। ਚੁਗਲੀ ਕਰਨ ਵਾਲੇ ਦੀਆਂ ਨੇਕੀਆਂ ਜ਼ੁਰਮਾਨੇ ਦੇ ਤੌਰ ’ਤੇ ਫਰੀਕ ਨੂੰ ਦਿੱਤੀਆਂ ਜਾਣਗੀਆਂ। ਹਿਰਸ, ਹਸਤ ਬੁਖਲ ਅਤੇ ਤਕੱਬਰ ਉਸ ਦੀ ਲਿਖੀ

ਹੋਈਆਂ ਨੇਕੀਆਂ ਨੂੰ ਮਿਟਾ ਦਿੰਦੇ ਹਨ। ਅਗਰ ਉਸ ਵਿੱਚ ਕੁੱਝ ਨੂਰ ਹੈ ਤਾਂ ਅੰਬੀਆਏ ਤੇ ਔਲੀਆਏ ਦੀ ਗੁਸਤਾਖੀ ਅਤੇ ਦੁਸ਼ਮਣੀ ਨਾਲ ਛੁੱਟ ਜਾਂਦਾ ਹੈ। ਜਿਵੇਂ ਸ਼ੈਖ ਸਨਾਨ ਦਾ ਸ਼ੇਖ ਅਬਦੁੱਲ ਕਾਦਰ ਜੀਲਾਨੀ ਦੀ ਗੁਸਤਾਖੀ ਨਾਲ ਕਸ਼ਫ ਤੇ ਕਰਾਮਤ ਮਿਟ ਜਾਣਾ।

ਇੱਕ ਵਾਕਿਆ ਹੈ ਜਦੋਂ ਬਾਜ਼ੀਦ ਬਸਤਾਮੀ ਰਹਿ. ਨੂੰ ਪਤਾ ਲੱਗਿਆ ਕਿ ਇੱਕ ਸ਼ਖਸ ਉਸ ਦੀ ਬੁਰਾਈ ਕਰਦਾ ਹੈ ਤਾਂ ਆਪ ਨੇ ਉਸ ਦਾ ਵਜ਼ੀਫਾ ਮੁਕੱਰਰ ਕਰ ਦਿੱਤਾ। ਉਹ ਵਜ਼ੀਫਾ ਵੀ ਲੈਂਦਾ ਰਿਹਾ ਅਤੇ ਬੁਰਾਈ ਵੀ ਕਰਦਾ ਰਿਹਾ। ਇੱਕ ਦਿਨ ਉਸ ਦੀ ਪਤਨੀ ਨੇ ਕਿਹਾ, "ਨਮਕ ਹਰਾਮ ਛੱਡ ਜਾਂ ਵਜ਼ੀਫਾ ਛੱਡ ਜਾਂ ਬੁਰਾਈ ਛੱਡ।" ਫਿਰ ਉਸ ਨੇ ਤਾਰੀਫ ਕਰਨੀ ਸ਼ੁਰੂ ਕਰ ਦਿੱਤੀ। ਆਪ ਨੂੰ ਜਦੋਂ ਤਾਰੀਫ ਦਾ ਪਤਾ ਲੱਗਿਆ ਤਾਂ ਉਸ ਦਾ ਵਜ਼ੀਫਾ ਬੰਦ ਕਰ ਦਿੱਤਾ। ਫਿਰ ਉਹ ਆਪ ਦੀ ਖਿਦਮਤ ਵਿੱਚ ਹਾਜ਼ਰ ਹੋਇਆ ਕਿ ਜਦੋਂ ਬੁਰਾਈ ਕਰਦਾ ਸੀ, ਵਜ਼ੀਫਾ ਮਿਲਦਾ ਸੀ, ਹੁਣ ਤਾਰੀਫ ਵਜਾਹ ਨਾਲ ਵਜ਼ੀਫਾ ਕਿਉਂ ਬੰਦ ਹੋਇਆ? ਆਪ ਨੇ ਫਰਮਾਇਆ, "ਤੂੰ ਉਸ ਵਕਤ ਮੇਰਾ ਮਜ਼ਦੂਰ ਸੀ, ਤੇਰੀ ਬੁਰਾਈ ਨਾਲ ਮੇਰੇ ਗੁਨਾਹ ਜਲਦੇ, ਮੈਂ ਉਸ ਦਾ ਤੈਨੂੰ (ਮੁਆਵਜਾ) ਮਿਹਨਤਾਨਾ ਦਿੰਦਾ ਸੀ। ਹੁਣ ਕਿਸ ਚੀਜ਼ ਦਾ ਮੁਆਵਜਾ ਦੇਵਾਂ?" ਦਰਜ ਹੋਏ ਗੁਨਾਹਾਂ ਦਾ ਤਾਅਲੁੱਕ ਨਫਸ ਅਮਾਰਾ ਨਾਲ ਹੈ ਜਿਸ ਦਾ ਮੱਦਦਗਾਰ ਇਬਲੀਸ ਹੈ। ਜਦੋਂ ਕਿ ਤਕਵਾ, ਸ਼ਖਾਵਤ, ਦਰਗੁਜ਼ਰ, ਸਬਰ ਤੇ ਸ਼ੁਕਰ, ਆਜਜ਼ੀ ਤੇ ਅਨੁਵਾਰੇ ਇਲਾਹੀ ਦਾ ਤਾਅਲੁੱਕ ਕਲਬੇ ਸ਼ਹੀਦ ਨਾਲ ਹੈ ਜਿਸ ਦਾ ਮੱਦਦਗਾਰ ਵਲੀ ਮੁਰਸ਼ਿਦ ਹੈ।

ਜਦੋਂ ਤੱਕ ਨਫਸ ਅਮਾਰਾ ਹੈ ਕਿਸੇ ਵੀ ਪਾਕ ਕਲਾਮ (ਦਾ ਡਰ) ਦੇ ਅਨੁਵਾਰ ਦਿਲ ਵਿੱਚ ਠਹਿਰ ਨਹੀਂ ਸਕਦਾ। ਬੇਸ਼ੱਕ ਸ਼ਬਦ ਤੇ ਆਇਤ ਦਾ ਹਾਫਿਜ਼ ਕਿਉਂ ਨਾ ਹੋ ਜਾਵੇ, ਤੋਤਾ ਹੀ ਹੈ। ਜਦੋਂ ਤੇਰਾ ਨਫਸ ਮਤਮੱਈਨਾ ਹੋ ਜਾਵੇਗਾ ਫਿਰ ਨਾਪਾਕ ਚੀਜ਼ ਤੇਰੇ ਅੰਦਰ ਠਹਿਰ ਨਹੀਂ ਸਕਦੀ। ਫਿਰ ਤੂੰ ਮੁਰਗੇ ਬਿਸਮਿਲ ਹੈ। ਨਫਸ ਪਾਕ ਕਰਨ ਦੇ ਲਈ ਕਿਸੇ ਨਫਸ ਸ਼ਿਕਨ ਨੂੰ ਤਲਾਸ਼ ਕਰ, ਜੋ ਹਰ ਵਕਤ ਮਨਜਾਨਬ ਅੱਲਾਹ ਡਿਊਟੀ ਪਰ ਮਾਮੂਰ ਹੁੰਦੇ ਹਨ। ਜਿਸਮ ਦੇ ਬਾਹਰ ਦੀ ਤਹਾਰਤ ਪਾਣੀ ਨਾਲ ਹੁੰਦੀ ਹੈ ਜਦੋਂਕਿ ਜਿਸਮ ਦੇ ਅੰਦਰ ਦੀ ਤਹਾਰਤ ਨੂਰ ਨਾਲ ਹੁੰਦੀ ਹੈ। ਤਹਾਰਤ ਦੇ ਬਿਨ੍ਹਾਂ ਗੰਦਾ ਤੇ ਨਾਪਾਕ ਹੈ। ਸਾਫ ਜਿਸਮ ਇਬਾਦਤੇ ਇਲਾਹੀ ਦੇ ਕਾਬਿਲ ਹੁੰਦਾ ਹੈ। ਜਦੋਂਕਿ ਸਾਫ ਦਿਲ ਤਜੱਲੀਆਤ ਇਲਾਹੀ ਦੇ ਕਾਬਿਲ ਹੁੰਦਾ ਹੈ। ਫਿਰ ਹੀ ਆਸਮਾਨੀ ਕਿਤਾਬਾਂ ਹਿਦਾਇਤ ਕਰਦੀਆਂ ਹਨ। ਪਾਕਾਂ ਨੂੰ (ਹਦੀਅਲਲ ਮੁੱਤਕੀਨ) ਨਹੀਂ ਤਾਂ ਕਿਤਾਬਾਂ ਵਾਲੇ ਹੀ ਕਿਤਾਬਾਂ ਵਾਲਿਆਂ ਦੇ ਦੁਸ਼ਮਣ ਬਣ ਜਾਂਦੇ ਹਨ। ਮੁਜੱਦਿੱਦ ਅਲਿਫ ਸਾਨੀ ਮਕਤੂਬਾਤ ਵਿੱਚ ਲਿਖਦੇ ਹਨ, "ਕੁਰਆਨ ਉਹਨਾਂ ਲੋਕਾਂ ਦੇ ਲਾਇਕ ਨਹੀਂ ਜਿਹਨਾਂ ਦੇ ਨਫਸ ਅਮਾਰਾ ਹਨ। ਮੁਬਤਦੀ ਨੂੰ ਚਾਹੀਦਾ ਹੈ ਕਿ ਪਹਿਲਾਂ ਜ਼ਿਕਰ ਅੱਲਾਹ ਕਰੇ ਯਾਨੀ ਅੰਦਰ ਨੂੰ ਪਾਕ ਕਰੇ। ਮੁਨਤਹੀ ਨੂੰ ਚਾਹੀਦਾ ਹੈ ਫਿਰ ਦੁਰਆਨ ਪੜ੍ਹੇ।"

ਹਦੀਸ : ਕੁੱਝ ਲੋਕ ਕੁਰਆਨ ਪੜ੍ਹਦੇ ਹਨ ਅਤੇ ਕੁਰਆਨ ਉਹਨਾਂ ਉੱਤੇ ਲਾਹਣਤ ਕਰਦਾ ਹੈ।

ਬੁੱਲ੍ਹੇ ਸ਼ਾਹ : "ਖਾ ਕੇ ਸਾਰਾ ਮੁੱਕਰ ਗਏ ਕੱਛਾਂ ਵਿੱਚ ਕੁਰਆਨ।"

ਇਬਾਦਤ ਕਰਨ ਵਾਲੇ ਨੂੰ ਘਮੰਡ ਹੈ ਕਿ ਉਹ ਅੱਲਾਹ ਦੇ ਲਈ ਇਬਾਦਤ ਅਤੇ ਰਾਤਾਂ ਨੂੰ ਜਾਗਦਾ ਹੈ। ਇਸ ਲਈ ਉਹ ਅੱਲਾਹ ਦੇ ਨਜ਼ਦੀਕ ਹੈ। ਇਬਾਦਤ ਦੇ ਬਾਅਦ ਤੇਰੀ ਦੁਆ ਸਿਹਤ, ਲੰਬੀ ਉਮਰ, ਮਾਲ-ਦੌਲਤ ਅਤੇ ਹੂਰ ਕਸੂਰ ਹੈ। ਸੋਚ! ਕੀ ਤੈਂ ਕਦੇ ਵੀ ਇਹ ਦੁਆ ਮੰਗੀ ਸੀ ਕਿ "ਐ ਅੱਲਾਹ! ਮੈਨੂੰ ਕੁੱਝ ਨਹੀਂ ਚਾਹੀਦਾ ਸਿਰਫ ਤੂੰ ਚਾਹੀਦਾ?"

ਆਲਿਮ ਨੂੰ ਗੁਮਾਨ ਹੈ ਕਿ ਮੈਂ ਕੁਰਬੇ ਖੁਦਾਵੰਦੀ ਵਿੱਚ ਬਖਸ਼ਿਆ ਬਖਸ਼ਾਇਆ ਹੋਇਆ ਹਾਂ ਕਿਉਂਕਿ ਮੇਰੇ ਅੰਦਰ ਇਲਮ ਤੇ ਕੁਰਆਨ ਹੈ। ਫਿਰ ਤੂੰ ਦੂਜਿਆਂ ਨੂੰ ਜਹੰਨਮੀ ਕਿਉਂ ਕਹਿੰਦਾ ਏਂ। ਜਦੋਂਕਿ ਹਰ ਮੁਸਲਿਮ ਨੂੰ ਵੀ ਕੁੱਝ ਨਾ ਕੁੱਝ ਇਲਮ ਤੇ ਕੁਰਆਨ ਦੀਆਂ ਬਹੁਤ ਸਾਰੀਆਂ ਸੂਰਤਾਂ ਯਾਦ ਹਨ। ਸੋਚ! ਇਲਮ ਕੌਣ ਵੇਚਦਾ ਹੈ? ਖੁਦ ਕੌਣ ਵਿਕਦਾ ਹੈ? ਵਲੀਆਂ ਦੀ ਚੁਗਲੀ ਕੌਣ ਕਰਦਾ ਹੈ? ਹਾਸਦ, ਮਤਕੱਬਰ ਤੇ ਬਖੀਲ ਕੌਣ ਹੁੰਦਾ ਹੈ? ਦਿਲ ਵਿੱਚ ਹੋਰ, ਜ਼ੁਬਾਨ ਵਿੱਚ ਹੋਰ, ਸੁਬ੍ਹਾ ਨੂੰ ਹੋਰ, ਸ਼ਾਮ ਨੂੰ ਹੋਰ ਇਹ ਕਿਸ ਦਾ ਵਤੀਰਾ ਹੈ? ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾ ਕੇ ਕੌਣ ਪੇਸ਼ ਕਰਦਾ ਹੈ? ਜੇਕਰ ਤੂੰ ਇਹਨਾਂ ਤੋਂ ਦੂਰ ਹੈ ਤਾਂ ਖਲੀਫਾ-ਏ-ਰਸੂਲ ਹੈ। ਤੇਰੇ ਵੱਚ ਪਿੱਠ ਕਰਨਾ ਵੀ ਬੇਅਦਬੀ ਹੈ।

ਯਾਨੀ... ਕਾਰੀ ਨਜ਼ਰ ਆਉਂਦਾ ਹੈ, ਹਕੀਕਤ ਵਿੱਚ ਹੈ ਕੁਰਆਨ।

ਅਗਰ ਤੂੰ ਇਹਨਾਂ (ਖਸਲਤਾਂ) ਆਦਤਾਂ ਵਿੱਚ ਗੁੰਮ ਹੈ ਤਾਂ ਫਿਰ ਤੂੰ ਉਹੀ ਹੈ ਜਿਸ ਦੇ ਲਈ ਭੇੜੀਏ ਨੇ ਕਿਹਾ ਸੀ ਕਿ "ਜੇਕਰ ਮੈਂ ਯੂਸਫ ਅਲੈ. ਨੂੰ ਖਾਇਆ ਹੋਵੇ ਤਾਂ ਅੱਲਾਹ ਮੈਨੂੰ ਚੌਦਵੀਂ ਸਦੀ ਦੇ ਆਲਮਾਂ ਵਿੱਚੋਂ ਉਠਾਈਂ।"

## ਸਿਰਾਤ-ਏ-ਮੁਸਤਕੀਮ

## (ਸਿੱਧਾ ਰਾਸਤਾ)

1. ਜਿਹਨਾਂ ਦੇ ਜ਼ਾਹਿਰ ਦਰੁਸਤ, ਬਾਤਨ ਕਾਲੇ ਹਨ ਧਰਮ ਵਿੱਚ (ਫਿਤਨਾ) ਫਸਾਦ ਹਨ। ਇਬਲੀਸ ਦੇ ਖਲੀਫੇ ਹਨ।

   ਹਦੀਸ : ਜ਼ਾਹਿਲ ਆਲਮ ਤੋਂ ਡਰੋ ਅਤੇ ਬਚੋ, ਜਿਸ ਦੀ ਜ਼ੁਬਾਨ ਆਲਮ ਤੇ ਦਿਲ ਜਾਹਲ ਯਾਨੀ ਕਾਲੇ ਹੋਣ।

2. ਬਾਤਨ ਦਰੁਸਤ ਪ੍ਰੰਤੂ ਜ਼ਾਹਿਰ ਖਰਾਬ। ਇਹਨਾਂ ਨੂੰ ਮਜਜ਼ੂਬ, ਮਾਅਜ਼ੂਰ, ਸ਼ਕਰ ਤੇ ਮਨਫਰਦ ਕਹਿੰਦੇ ਹਨ।

   ਇਸ਼ਕ ਵਿੱਚ ਅਕਲ ਹੀ ਨਾਂ ਰਹੀ ਤਾਂ ਹਿਸਾਬੇ ਹਸ਼ਰ ਕੀ? (ਤਰਿਆ ਕੇ ਕਲਬ)

   ਧਰਮ ਦੇ ਲਈ ਪ੍ਰੇਸ਼ਾਨੀ ਪ੍ਰੰਤੂ ਅੱਲਾਹ ਦੇ ਕੁਰਬ ਵਿੱਚ ਹੁੰਦੇ ਹਨ। ਮਗਰ ਮਜ਼ੀਦ ਮਰਤਬਾ ਹਾਸਲ ਨਹੀਂ ਕਰ ਸਕਦੇ। ਬਾ-ਮਰਤਬਾ ਤਬਦੀਕ ਨਕਾ ਲਈ ਜਿੰਦੀਕ। ਉਹਨਾਂ ਨੇ ਮੁਖੀ ਅਯੂਬ, ਬੇਨਜ਼ੀਰ ਅਤੇ ਨਵਾਜ਼ ਸ਼ਰੀਫ ਵਰਗਿਆਂ ਨੂੰ ਉਹਨਾਂ

ਦੀ ਹਕੂਮਤ ਦੇ ਵੇਲੇ ਡੰਡੇ ਮਾਰੇ ਤੇ ਗਾਲ਼ਾਂ ਦਿੱਤੀਆਂ। ਤੁਸੀਂ ਕਿਸੇ ਸਾਹਿਬੇ ਇਕਤਦਾਰ ਨੂੰ ਡੰਡੇ ਮਾਰ ਕੇ ਦਿਖਾਓ, ਯਾਨੀ ਇਹ ਸਿਰਫ ਉਹਨਾਂ ਦੀ ਜ਼ਾਤ ਤੱਕ ਮਹਿਦੂਦ ਹੈ। ਦੂਜਿਆਂ ਦੇ ਲਈ ਨਹੀਂ ਹੈ।

3. ਜ਼ਾਹਿਰ ਦਰੁਸਤ ਸਾਤਨ ਵੀ ਦਰੁਸਤ। ਜ਼ਾਹਿਰੀ ਇਬਾਦਤ ਦੇ ਇਲਾਵਾ ਉਹ ਕਲਬੀ ਇਬਾਦਤ ਵਿੱਚ ਵੀ ਹੁੰਦੇ ਹਨ। ਉਹਨਾਂ ਨੂੰ ਆਲਮੇ ਰੱਬਾਨੀ ਕਹਿੰਦੇ ਹਨ। ਇਹੀ ਮਹਿਬਰੇ ਰਸੂਲ ਸੱਲ. ਅਤੇ ਦੀਨ ਦੇ ਵਾਰਿਸ ਹੁੰਦੇ ਹਨ ਅਤੇ ਜਦੋਂ ਕਿਸੇ ਦਾ ਜ਼ਾਹਿਰ ਤੇ ਬਾਤਨ ਇੱਕ ਹੋ ਜਾਂਦਾ ਹੈ ਤਾਂ ਉਸ ਨੂੰ ਨਾਇਬ ਅੱਲਾਹ ਕਹਿੰਦੇ ਹਨ। ਅਗਰ ਖੁਵਾਬ ਵਿੰਚ ਜਾਂ ਰੂਹਾਨੀ ਤੌਰ ’ਤੇ ਹੱਜ ਕਰਦਾ ਹੈ ਤਾਂ ਜ਼ਾਹਿਰ ਵਿੱਚ ਵੀ ਉਸਦਾ ਦਰਜਾ ਮਿਲਦਾ ਹੈ। ਬਲਕਿ ਜ਼ਾਹਿਰੀ ਹੱਜ ਤੋਂ ਬਹੁਤ ਹੀ ਜ਼ਿਆਦਾ। ਰੂਹਾਂ ਦੀ ਨਮਾਜ਼ ਜ਼ਾਹਿਰੀ ਨਮਾਜ਼ ਦੀ ਹੈਸੀਅਤ ਰੱਖਦੀ ਹੈ। ਬਲਕਿ ਕਿਤੇ ਜ਼ਿਆਦਾ। ਅਗਰ ਜ਼ਾਹਰ ਵਿੱਚ ਨਮਾਜ ਪੜ੍ਹਦਾ ਹੈ ਤਾਂ ਬਾਤਨ ਵਿੱਚ ਵੀ ਉਸ ਦੀ ਨਮਾਜ਼ ਮੈਅਰਾਜ੍ਹ ਬਣ ਜਾਂਦੀ ਹੈ। ਇਹੀ ਲੋਕ ਹਨ, ਜਿਸਮ ਇੱਧਰ, ਰੂਹ ਓਧਰ। ਫਕਰ ਦੇ ਮਹਿਕਮੇਂ ਵਿੱਚ ਇਹਨਾਂ ਨੂੰ ਮੁਆਰਫ ਵੀ ਕਹਿੰਦੇ ਹਨ। ਜਦੋਂਕਿ ਆਸ਼ਿਕ ਦੇ ਲਈ ਰੱਬ ਦਾ ਦੀਦਾਰ ਹੀ ਕਾਫੀ ਹੈ। ਕੁੱਝ ਲੋਕ ਕਹਿੰਦੇ ਹਨ ਦੀਦਾਰ ਹੋ ਹੀ ਨਹੀਂ ਸਕਦਾ, ਲੇਕਿਨ ਇਹ ਦੀਦਾਰ ਵਾਲਾ ਇਲਮ ਹਜ਼ੂਰ ਪਾਕ ਸੱਲ. ਤੋਂ ਸ਼ੁਰੂ ਹੋ ਚੁੱਕਿਆ ਹੈ। ਇਮਾਮ ਅਬੂ ਹਨੀਫਾ ਦੇ ਕਹਿਣ ਮੁਤਾਬਿਕ “ਮੈਂ ਨੇ ਨੜਿਨਵੇਂ (99) ਮਰਤਬਾ ਰੱਬ ਨੂੰ ਦੇਖਿਆ ਹੈ।” ਬਾਏਜ਼ੀਦ ਬਸਤਾਮੀ ਰਹਿ. ਕਹਿੰਦੇ ਹਨ, “ਮੈਂ ਨੇ ਸੱਤਰ (70) ਮਰਤਬਾ ਰੱਬ ਦਾ ਦੀਦਾਰ ਕੀਤਾ ਹੈ।” ਦੀਦਾਰ ਲਤੀਫਾ ਅਨਾ ਤੋਂ ਹੁੰਦਾ ਹੈ ਅਤੇ ਤੁਸੀਂ ਅਨਾ ਦੀ ਤਾਲੀਮ ਅਤੇ ਜ਼ਿਕਰ ਤੋਂ ਅਣਜਾਣ ਹੋ।

## ਅੱਲਾਹ ਦਾ ਦੋਸਤ

ਅਗਰ ਕਿਸੇ ਨੂੰ ਖਲਕ ਖੁਦਾ ਕਸ਼ਫ, ਕਰਾਮਾਤ ਅਤੇ ਫੈਜ਼ ਦੀ ਵਜਾਹ ਨਾਲ ਵਲੀ ਮੰਨਦੀ ਹੈ ਲੇਕਿਨ ਉਸ ਦੇ ਕਿਸੇ ਅਮਲ ਜਾਂ ਧਰਮ ਦੀ ਵਜਾਹ ਨਾਲ ਤੂੰ ਦਿਲਬਰ ਦਾਸ਼ਤਾ ਹੈ। ਉਸ ਦੀ ਬੁਰਾਈ ਕਰਨ ਤੋਂ ਚੰਗਾ ਹੈ ਤੂੰ ਉੱਧਰ ਜਾਣਾ ਛੱਡ ਦੇ। ਕੀ ਖ਼ਬਰ! ਉਹ ਕੋਈ ਮਨਜ਼ੂਰੇ ਖੁਦਾ ਹੋਵੇ! ਸ਼ੈਖ ਬਕਾਅ ਹੋਵੇ! ਜਾਂ ਕੋਈ ਲਾਲ ਸ਼ਹਿਬਾਜ਼ ਹੋਵੇ! ਕੋਈ ਖਿਜ਼ਰ ਹੋਵੇ! ਜਾਂ ਸਾਹੇ ਬਾਬਾ ਹੋਵੇ! ਜਾਂ ਗੁਰੂ ਨਾਨਕ ਹੋਵੇ! ਕੋਈ ਬੁੱਲ੍ਹੇ ਸ਼ਾਹ ਹੋਵੇ! ਅਤੇ ਕੋਈ ਸਦਾ ਸੁਹਾਗਣ ਵੀ ਹੋ ਸਕਦਾ ਹੈ!

## ਗੌਹਰ ਸ਼ਾਹੀ ਦਾ ਆਲਮੇ ਇਨਸਾਨੀਅਤ ਦੇ ਲਈ ਇਨਕਲਾਬੀ ਪੈਗਾਮ

ਮੁਸਲਿਮ ਕਹਿੰਦਾ ਹੈ ਕਿ “ਮੈਂ ਸਭ ਤੋਂ ਆਹਲਾ ਹਾਂ।” ਜਦੋਂਕਿ ਯਹੂਦੀ ਕਹਿੰਦਾ ਹੈ, “ਮੇਰਾ ਮੁਕਾਮ ਮੁਸਲਿਮ ਤੋਂ ਵੀ ਉੱਚਾ ਹੈ।” ਅਤੇ ਈਸਾਈ ਕਹਿੰਦਾ ਹੈ, “ਮੈਂ ਇਹਨਾਂ ਦੋਵਾਂ ਤੋਂ ਬਲਕਿ ਸਭ ਧਰਮਾਂ ਵਾਲਿਆਂ ਤੋਂ ਬੁਲੰਦਾ ਹਾਂ, ਕਿਉਂਕਿ ਮੈਂ ਅੱਲਾਹ ਦੇ ਬੇਟੈ ਦੀ ਉੱਮਤ ਹਾਂ।” ਲੇਕਿਨ ਗੌਹਰ ਸ਼ਾਹੀ ਕਹਿੰਦਾ ਹੈ, “ਸਭ ਤੋਂ ਬਿਹਤਰ ਤੇ ਬੁਲੰਦ ਉਹੀ ਹੈ ਜਿਸ ਦੇ ਦਿਲ

ਵਿੱਚ ਅੱਲਾਹ ਦੀ ਮੁਹੱਬਤ ਹੈ ਭਾਵੇਂ ਉਹ ਕਿਸੇ ਵੀ ਧਰਮ 'ਚੋਂ ਨਾ ਹੋਵੇ। ਜ਼ੁਬਾਨ ਨਾਲ ਜ਼ਿਕਰ, ਸਲਵਾਤ ਉਸ ਦੀ ਅਤਾਅਤ ਤੇ ਫਰਮਾਬਰਦਾਰੀ ਦਾ ਸਬੂਤ ਹੈ। ਜਦੋਂਕਿ ਕਲਬੀ ਜ਼ਿਕਰ ਅੱਲਾਹ ਦੀ ਮੁਹੱਬਤ ਅਤੇ ਰਾਬਤੇ ਦਾ ਵਸੀਲਾ ਹੈ।"

ਬਾ-ਮਰਤਬਾ ਤਸਦੀਕ ਨਕਾਲੀਆ ਜਿੰਦੀਕ ਝੂਠੀ ਨਬੱਵਤ ਦਾ ਦਾਅਵੇਦਾਰ ਕਾਫਿਰ ਹੈ। ਜਦੋਂਕਿ ਝੂਠੀ ਵਲਾਇਤ ਦਾ ਦਾਅਵੇਦਾਰ ਕੁਫਰ ਦੇ ਕਰੀਬ ਹੈ। ਵਲੀ ਦੋਸ਼ ਨੂੰ ਕਹਿੰਦੇ ਹਨ। ਦੋਸਤ ਦਾ ਇੱਕ-ਦੂਜੇ ਨੂੰ ਦੇਖਣਾ ਅਤੇ ਹਮਕਲਾਮ ਹੋਣਾ ਜ਼ਰੂਰੀ ਹੈ। ਹਜ਼ੂਰ ਪਾਕ ਸੱਲ. ਨੇ ਵੀ ਇੱਕ ਵਾਰੀ ਸੁਹਾਬਾ ਨੂੰ ਕਿਹਾ ਸੀ ਕਿ ਕੁੱਝ ਕੰਮ ਸਿਰਫ ਮੇਰੇ ਕਰਨ ਲਈ ਹਨ, ਤੁਹਾਡੇ ਲਈ ਨਹੀਂ ਹਨ। ਹਰ ਨਮਾਜ਼ੀ ਦੀ ਇਹੀ ਦੁਆ ਹੁੰਦੀ ਹੈ ਕਿ "ਐ ਅੱਲਾਹ! ਮੈਨੂੰ ਉਹਨਾਂ ਲੋਕਾਂ ਦਾ ਸਿੱਧਾ ਰਾਸਤਾ ਦਿਖਾ ਜਿਹਨਾਂ 'ਤੇ ਤੇਰਾ ਇਨਾਮ ਹੋਇਆ।" ਜਦੋਂ ਤੱਕ ਉਸ ਦੀ ਰੂਹ ਬੈਤੁੱਲ ਮਾਮੂਰ ਵਿੱਚ ਜਾ ਕੇ ਨਮਾਜ਼ ਨਾ ਪੜ੍ਹੇ, ਜਿਸ ਨੂੰ ਹਕੀਕੀ ਨਮਾਜ਼ ਕਹਿੰਦੇ ਹਨ, ਕਿਉਂਕਿ ਉਹ ਨਮਾਜ਼ ਮਰਨ ਦੇ ਬਾਅਦ ਵੀ ਜਾਰੀ ਰਹਿੰਦੀ ਹੈ। ਜਿਵੇਂ ਮੈਅਰਾਜ੍ਹ ਦੀ ਰਾਤ ਨੂੰ ਬੈਤੁੱਲ ਮੁਕੱਦਿਸ ਵਿੱਚ ਵੀ ਸਭ ਨਬੀਆਂ ਦੀਆਂ ਰੂਹਾਂ ਨੇ ਨਮਾਜ਼ ਪੜ੍ਹੀ ਸੀ। ਜਦੋਂ ਤੱਕ ਰੱਬ ਦਾ ਦੀਦਾਰ ਨਾ ਹੋ ਜਾਵੇ ਉਸ ਵਕਤ ਤੱਕ ਸ਼ਰੀਅਤ ਦੀ ਪੈਰ੍ਹਵੀ ਜ਼ਰੂਰੀ ਹੈ। ਨਹੀਂ ਤਾਂ ਸੁਸਤ ਅਤੇ ਗੁਨਾਹਗਾਰ ਲੋਕਾਂ ਦੇ ਲਈ ਵੀ ਅੱਲਾਹ ਨੇ ਕੁੱਝ ਨਿਹਮਲਬਦਲ ਬਣਾਇਆ ਹੋਇਆ ਹੈ। ਅੱਲਾਹ ਦੇ ਨਾਮ ਦਾ ਕਲਬੀ ਜ਼ਿਕਰ ਵੀ ਜ਼ਾਹਿਰੀ ਇਬਾਦਤ ਅਤੇ ਗੁਨਾਹਾਂ ਦਾ ਕੱਫਾਰਾ ਕਰਦਾ ਰਹਿੰਦਾ ਹੈ। ਕਦੇ ਨਾ ਕਦੇ ਉਸ ਨੂੰ ਅੱਲਾਹ ਦਾ ਮੁਹਿੱਬ ਤੇ ਰੌਸ਼ਲ ਜ਼ਮੀਰ ਬਣਾ ਦਿੰਦਾ ਹੈ।

"ਜਦ ਤੁਹਾਡੀਆਂ ਨਮਾਜ਼ਾਂ ਕਜ਼ਾ ਹੋ ਜਾਣ ਤਾਂ ਅੱਲਾਹ ਦਾ ਜ਼ਿਕਰ ਕਰ ਲੈਣਾ

ਉੱਠਦੇ, ਬੈਠਦੇ ਹੱਤਾ ਕਿ ਕਰਵਟਾਂ ਦੇ ਬਲ ਵੀਂ।" (ਅਲ ਕੁਰਆਨ)

ਵਲੀਆਂ ਦਾ ਕੁਰਬ, ਨਿਸਬਤ, ਨਜ਼ਰ ਤੇ ਦੁਆ ਵੀ ਗੁਨਾਹਗਾਰਾਂ ਦਾ ਨਸੀਬ ਚਮਕਾ ਤੇ ਦੋਜ਼ਖ ਤੋਂ ਬਚਾ ਲੈਂਦੀ ਹੈ। ਜਿਵੇਂ ਕਿ ਹਜ਼ੂਰ ਪਾਕ ਸੱਲ. ਨੇ ਉੱਮਤ ਦੇ ਗੁਨਾਹਗਾਰਾਂ ਦੀ ਬਖਸ਼ਿਸ਼ ਦੇ ਲਈ ਹਜ਼ਰਤ ਉਵੈਸ਼ ਕਰਨੀ ਤੋਂ ਵੀ ਦੁਆ ਦੇ ਲਈ ਸੁਹਾਬਾ ਨੂੰ ਭੇਜਿਆ ਸੀ। ਸ਼ਖਾਵਤ, ਰਿਆਜ਼ਤ ਅਤੇ ਸ਼ਹਾਦਤ ਨਾਲ ਵੀ ਗੁਨਾਹਗਾਰਾਂ ਦਾ ਕੱਫਾਰਾ ਅਤੇ ਬਖਸ਼ਿਸ਼ ਵੀ ਹੋ ਸਕਦੀ ਹੈ। ਆਜਜ਼ੀ, ਤੌਂਬਾ ਤਾਇਬ ਅਤੇ ਗਿਰੀਆਜ਼ਾਰੀ ਰੱਬ ਨੂੰ ਪਸੰਦ ਹੈ। ਜਿਸ ਦੀ ਵਜਾਹ ਨਾਲ ਨਸੋਹ ਜੈਸਾ ਕੱਫਣ ਚੋਰ ਅਤੇ ਮੁਰਦਾ ਔਰਤਾਂ ਦੀ ਬੇਹੁਰਮਤੀ ਕਰਨ ਵਾਲਾ ਬਖਸ਼ਿਆ ਗਿਆ। (ਅਲ ਕੁਰਆਨ)

ਇੱਕ ਦਿਨ ਈਸਾ ਅਲੈ. ਨੇ ਸ਼ੈਤਾਨ ਤੋਂ ਪੁੱਤਿਆ ਕਿ ਤੇਰਾ ਬਿਹਤਰੀਨ ਦੋਸਤ ਕੌਣ ਹੈ? ਉਸ ਨੇ ਕਿਹਾ, ਕੰਜੂਸ ਆਬਦ। ਉਹ ਕਿਵੇਂ, ਉਸ ਦੀ ਕੰਜੂਸੀ ਉਸ ਦੀ ਇਬਾਦਤ ਨੂੰ ਬੇਕਾਰ ਕਰ ਦਿੰਦੀ ਹੈ। ਫਿਰ ਪੁੱਛਿਆ ਤੇਰਾ ਵੱਡਾ ਦੁਸ਼ਮਣ ਕੌਣ ਹੈ? ਉਸ ਨੇ ਕਿਹਾ ਗੁਨਾਹਗਾਰ ਸ਼ਖੀ। ਉਹ ਕਿਵੇਂ, ਉਸ ਦੀ ਸ਼ਖਾਵਤ ਉਸ ਦੇ ਗੁਨਾਹਾਂ ਨੂੰ ਜਲਾ ਦਿੰਦੀ ਹੈ। ਖੁਦਾ ਦੇ ਬੰਦਿਆਂ ਅਤੇ ਖੁਦਾ ਦੀ ਮਖਲੂਕ ਨਾਲ ਪਿਆਰ ਕਰਨੇ, ਖਿਆਲ ਰੱਖਣ ਤੇ ਇਨਸਾਫ ਵਾਲੇ ਲੋਕ ਵੀ ਰੱਬ ਦੀ ਨਜ਼ਰੇ ਕਰਮ

ਦੇ ਕਾਬਿਲ ਹੋ ਜਾਂਦੇ ਹਨ। ਅੱਲਾਮਾ ਇਕਬਾਲ ਤੀਜੀ-ਚੌਥੀ ਦੇ ਤਾਲਬੇ ਇਲਮ ਸਕੂਲ ਤੋਂ ਵਾਪਿਸ ਆਏ ਤਾਂ ਇੱਕ ਕੁੱਤੀ ਉਹਨਾਂ ਦੇ ਪਿੱਛੇ ਚੱਲ ਪਈ। ਆਪ ਪੌੜੀਆਂ ਉੱਤੇ ਚੜ੍ਹ ਗਏ ਤੇ ਉਹ ਬੇਹਸੀ ਨਾਲ ਦੇਖਦੀ ਰਹੀ। ਆਪ ਨੇ ਸੋਚਿਆ ਸ਼ਾਇਦ ਭੁੱਖੀ ਹੈ। ਉਹਨਾਂ ਦੇ ਪਿਤਾ ਨੇ ਉਹਨਾਂ ਦੇ ਲਈ ਇੱਕ ਪਰੌਂਠਾ ਰੱਖਿਆ ਹੋਇਆ ਸੀ। ਉਹਨਾਂ ਨੇ ਅੱਧਾ ਕੁੱਤੀ ਨੂੰ ਪਾ ਦਿੱਤਾ, ਉਹ ਫੌਰਨ ਖਾ ਗਈ ਫਿਰ ਉਸੇ ਤਰ੍ਹਾਂ ਹੀ ਖੜ੍ਹੀ ਦੇਖਦੀ ਰਹੀ। ਆਪ ਨੇ ਬਾਕੀ ਅੱਧਾ ਵੀ ਪਾ ਦਿੱਤਾ ਤੇ ਉਹ ਖੁਦ ਸਾਰਾ ਦਿਨ ਭੁੱਖੇ ਰਹੇ। ਰਾਤ ਨੂੰ ਉਨ੍ਹਾਂ ਦੇ ਪਿਤਾ ਨੂੰ ਬਸ਼ਾਰਤ ਹੋਈ ਕਿ ਤੁਹਾਡੇ ਬੇਟੇ ਦਾ ਅਮਲ ਮੈਨੂੰ ਪਸੰਦ ਆਇਆ ਹੈ ਤੇ ਉਹ ਮਨਜ਼ੂਰੇ ਨਜ਼ਰ ਹੋ ਗਿਆ। ਜਦੋਂ ਸਬਕਤਗੀਨ ਹਿਰਨੀ ਦਾ ਬੱਚਾ ਜੰਗਲ 'ਚੋਂ ਚੁੱਕ ਕੇ ਚੱਲ ਪਿਆ ਤਾਂ ਦੇਖਿਆ ਕਿ ਘੋੜੇ ਦੇ ਪਿੱਛੇ-ਪਿੱਛੇ ਹਿਰਨੀ ਵੀ ਦੌੜ ਰਹੀ ਸੀ। ਸਬਕਤਗੀਨ ਰੁਕ ਗਿਆ ਦੇਖਿਆ ਕਿ ਹਿਰਨੀ ਵੀ ਖੜ੍ਹ ਗਈ ਅਤੇ ਹਿਰਨੀ ਨੇ ਆਪਣੇ ਮੂੰਹ ਨੂੰ ਉੱਪਰ ਆਸਮਾਨ ਵੱਲ ਉਠਾਇਆ। ਸਬਕਤਗੀਨ ਨੇ ਬੱਚੇ ਨੂੰ ਛੱਡ ਦਿੱਤਾ। ਉਸ ਵਾਕਿਆ ਦੇ ਬਾਅਦ ਸਬਕਤਗੀਨ ਉੱਤੇ ਅੱਲਾਹ ਦਾ ਇੰਨਾ ਕਰਮ ਹੋਇਆ ਕਿ ਰੱਬ ਦੇ ਨਾਮ ਪਰ ਅਕਸਰ ਰੋਇਆ ਕਰਦਾ ਸੀ।

ਮੌਲਾਨਾ ਰੂਮ ਕਹਿੰਦੇ ਹਨ ਕਿ, "ਇੱਕ ਜ਼ਮਾਨਾ ਸੁਹਬਤ ਬਾ ਔਲੀਆ... ਬਿਹਤਰ ਅਸਤ ਸਦ ਸਾਲਾ ਤਾਅਤ ਬੇ ਰਿਆ।"

(ਵਲੀ ਦੀ ਇੱਕ ਲਮਹਾ ਦੀ ਸੁਹਬਤ ਸੌ ਸਾਲਾਂ ਬੇ ਰਿਆ ਇਬਾਦਤ ਤੋਂ ਬਿਹਤਰ ਹੈ)

ਹਦੀਸ ਕੁੱਦਸੀ : "ਮੈਂ ਉਸ ਦੇ ਹੱਥ ਬਣ ਜਾਂਦਾ ਹੈ ਜਿਸ ਨਾਲ ਉਹ ਪਕੜਦਾ ਹੈ।"

ਅਬੂ ਜ਼ਰ ਗਫਾਰੀ : ਮਹਿਸ਼ਰ ਦੇ ਦਿਨ ਲੋਕ ਵਲੀ ਨੂੰ ਪਹਿਚਾਣ ਕੇ ਕਹਿਣਗੇ, "ਐ ਅੱਲਾਹ! ਮੈਂ ਨੇ ਉਸ ਨੂੰ ਵਜ਼ੂ ਕਰਾਇਆ ਸੀ।" ਜਵਾਬ ਆਵੇਗਾ, ਉਸ ਨੂੰ ਬਖਸ਼ ਦੇਵੋ। ਦੂਜਾ ਕਹੇਗਾ, "ਯਾ ਅੱਲਾਹ! ਮੈਂ ਨੇ ਇਸ ਨੂੰ ਕੱਪੜੇ ਪਹਿਨਾਏ ਜਾਂ ਖਾਣਾ ਖਿਲਾਇਆ ਸੀ।" ਜਵਾਬ ਆਵੇਗਾ, ਇਸ ਨੂੰ ਵੀ ਬਖਸ਼ ਦੋ। ਇਸ ਤਰ੍ਹਾਂ ਬੇਸੁਮਾਰ ਲੋਕ ਉਹਨਾਂ ਦੇ ਜ਼ਰੀਏ ਬਖਸ਼ੇ ਜਾਣਗੇ।

ਹਦੀਸ ਕੁੱਦਸੀ : "ਜਿਸ ਕਿਸੇ ਨੇ ਮੇਰੇ ਵਲੀ ਦੇ ਨਾਲ ਦੁਸ਼ਮਣੀ ਕੀਤੀ, ਮੈਂ ਉਸ ਦੇ ਖਿਲਾਫ਼ ਐਲਾਨ-ਏ-ਜੰਗ ਕਰਦਾ ਹਾਂ।"

ਅੱਲਾਹ ਦੀ ਜੰਗ ਇੱਕ ਦਿਨ ਦਾ ਸਿਰ ਕੱਟਣਾ ਨਹੀਂ ਹੁੰਦਾ ਬਲਕਿ ਉਸ ਦਾ ਈਮਾਨ ਕੱਟ ਦਿੱਤਾ ਜਾਂਦਾ ਹੈ। ਜੋ ਅਗਲੀ ਸਾਰੀ ਜ਼ਿੰਦਗੀ ਵਿੱਚ ਦੋਜ਼ਖ ਵਿੰਚ ਰੋਜ਼ਾਨਾ ਅਜ਼ੀਅਤ ਨਾਲ ਸਿਰ ਕੱਟਦਾ ਰਹੇਗਾ। ਜਿਵੇਂ ਕਿ ਬਲੀਯਮ ਬਾਔਰ ਜੋ ਬਹੁਤ ਵੱਡਾ ਆਲਮ ਅਤੇ ਆਬਦ ਸੀ, ਲੇਕਿਨ ਮੂਸਾ ਅਲੈ. ਦੀ ਦੁਸ਼ਮਣੀ ਦੀ ਵਜਾਹ ਨਾਲ ਦੋਜ਼ਖ ਵਿੱਚ ਸੁੱਟ ਦਿੱਤਾ ਗਿਆ। ਲੋਕ ਕਹਿੰਦੇ ਹਨ, "ਰੱਬ ਇਬਾਦਤ ਨਾਲ ਮਿਲਦਾ ਹੈ।" ਅਸੀਂ ਕਹਿੰਦੇ ਹਾਂ, "ਰੱਬ ਦਿਲ ਨਾਲ ਮਿਲਦਾ ਹੈ।" ਇਬਾਦਤ ਦਿਲ ਨੂੰ ਸਾਫ ਕਰਨ ਦਾ ਜ਼ਰੀਆ ਹੈ। ਅਗਰ ਇਬਾਦਤ ਨਾਲ ਦਿਲ ਸਾਫ ਨਹੀਂ ਹੋਇਆ ਤਾਂ ਰੱਬ ਤੋਂ ਬਹੁਤ ਦੂਰ ਹੈ।

ਹਦੀਸ : "ਨਾ ਅਮਲਾਂ ਨੂੰ ਦੇਖਦਾ ਹਾਂ, ਨਾ ਸ਼ਕਲਾਂ ਨੂੰ ਬਲਕਿ ਨੀਅਤਾਂ ਅਤੇ ਕਲਬ ਨੂੰ ਦੇਖਦਾ ਹਾਂ।"

ਇਸ ਤਰ੍ਹਾਂ ਇਬਾਦਤ ਨਾਲ ਜ਼ੰਨਤ ਮਿਲ ਸਕਦੀ ਹੈ, ਲੇਕਿਨ ਜ਼ੰਨਤ ਵੀ ਰੱਬ ਤੋਂ ਦੂਰ ਹੈ। "ਇਹ ਇਲਮ ਬਾਤਨ ਸਿਰਫ ਉਹਨਾਂ ਲੋਕਾਂ ਦੇ ਲਈ ਹੈ ਜੋ ਹੂਰਾਂ, ਬਹਿਸ਼ਤਾਂ ਦੀ ਪ੍ਰਵਾਹ ਕੀਤੇ ਬਿਗੈਰ ਰੱਬ ਨਾਲ ਮੁਹੱਬਤ, ਕੁਰਬ ਅਤੇ ਵਿਸਾਲ ਚਾਹੁੰਦੇ ਹਨ।

ਫਿਰ ਬਕੌਲ ਸੂਰਤ ਕੈਫ : "ਅੱਲਾਹ ਉਹ ਨੂੰ ਕਿਸੇ ਵਲੀ ਮੁਰਸ਼ਿਦ ਨਾਲ ਮਿਲਾ ਦਿੰਦਾ ਹੈ।"

ਜਦੋਂ ਅੱਲਾਹ ਤਾਅਲਾ ਕਿਸੇ ਬੰਦੇ ਦੀ ਕਿਸੇ ਵੀ ਅਦਾ ਤੋਂ ਮਿਹਰਬਾਨ ਹੋ ਜਾਂਦਾ ਹੈ ਤਾਂ ਉਸ ਨੂੰ ਬੜੇ ਪਿਆਰ ਨਾਲ ਦੇਖਦਾ ਹੈ। ਉਸ ਦਾ ਪਿਆਰ ਨਾਲ ਦੇਖਣਾ ਹੀ ਬੰਦੇ ਦੇ ਗੁਨਾਹਾਂ ਨੂੰ ਜਲਾ ਦਿੰਦਾ ਹੈ। ਉਸ ਦੇ ਪਾਸ ਬੈਠਣ ਵਾਲੇ ਵੀ ਨਜ਼ਰੇ ਰਹਿਮਤ ਦੀ ਲਪੇਟ ਵਿੱਚ ਆ ਜਾਂਦੇ ਹਨ। ਰੱਬ ਦੇ ਦੋਸਤ ਅਸਹਾਬੇ ਕੈਫ ਸੁੱਤੇ ਰਹੇ ਜਾਂ ਮਰਾਕਬੇ ਵਿੱਚ ਰਹੇ, ਅੱਲਾਹ ਉਹਨਾਂ ਨੂੰ ਪਿਆਰ ਨਾਲ ਦੇਖਦਾ ਹੈ ਜਿਸ ਦੀ ਵਜਾਹ ਨਾਲ ਉਹਨਾਂ ਦਾ ਸਾਥੀ ਕੁੱਤਾ ਵੀ ਹਜ਼ਰਤ ਕੁਤਮੀਰ ਬਣ ਜ਼ੰਨਤ ਵਿੱਚ ਜਾਵੇਗਾ। ਜਦੋਂ ਸ਼ੇਖ ਫਰੀਦ ਰਹਿ. ਅੱਲਾਹ ਦੀ ਨਜ਼ਰੇ ਰਹਿਮਤ ਵਿੱਚ ਆਏ ਤਾਂ ਸਾਥ ਬੈਠਾ ਹੋਇਆ ਚਰਵਾਹਾ ਵੀ ਰੰਗਿਆ ਗਿਆ। ਜਦੋਂ ਅੱਲਾਹ ਅਬੂਅਲ ਹਸਨ ਦੀ ਕਿਸੇ ਅਦਾ ਪਰ ਮਿਹਰਬਾਨ ਹੋਇਆ ਤਾਂ ਹਮਕਲਾਮੀ ਦਾ ਸਿਲਸ਼ਿਲਾ ਸ਼ੁਰੂ ਹੋਇਆ। ਇੱਕ ਦਿਨ ਉਸ ਨੂੰ ਕਿਹਾ, "ਐ ਅਬੂਅਲ ਹਸਨ! ਅਗਰ ਤੇਰੇ ਬਾਰੇ ਮੈਂ ਲੋਕਾਂ ਨੂੰ ਦੱਸ ਦੇਵਾਂ ਤਾਂ ਲੋਕ ਤੈਨੂੰ ਪੱਥਰ ਮਾਰ ਕੇ ਮਾਰ ਦੇਣਗੇ।" ਉਹਨਾਂ ਨੇ ਜਵਾਬ ਵਿੱਚ ਕਿਹਾ, "ਅਗਰ ਮੈਂ ਤੇਰੇ ਮਤੱਲਕ ਲੋਕਾਂ ਨੂੰ ਦੱਸ ਦੇਵਾਂ ਕਿ ਤੂੰ ਕਿੰਨਾ ਮਿਹਰਬਾਨ ਹੈ ਤਾਂ ਤੈਨੂੰ ਕੋਈ ਵੀ ਸਿਜਦਾ ਨਾ ਕਰੇਗਾ।" ਰੱਬ ਨੇ ਕਿਹਾ, "ਐਸਾ ਕਰਨਾਂ ਤੂੰ ਦੱਸ ਨਾ, ਮੈਂ ਦੱਸਦਾ ਹਾਂ।"

ਜਦੋਂ ਤੀਜੀ ਵਾਰ ਜ਼ੈਦ ਨੂੰ ਸ਼ਰਾਬ ਦੇ ਜੁਰਮ ਵਿੱਚ ਲਿਆਂਦਾ ਗਿਆ ਤਾਂ ਸੁਹਾਬਾਂ ਨੇ ਕਿਹਾ, "ਇਸ ਪਰ ਲਾਹਣਤ ਹੋ, ਵਾਰ-ਵਾਰ ਇਸੇ ਜ਼ੁਰਮ ਵਿੱਚ ਆਉਂਦਾ ਹੈ।" ਹਜ਼ੂਰ ਪਾਕ ਸੱਲ. ਨੇ ਫਰਮਾਇਆ, "ਲਾਹਣਤ ਮੱਤ ਕਰੋ, ਇਹ ਅੱਲਾਹ ਅਤੇ ਉਸ ਦੇ ਹਬੀਬ ਨੂੰ ਮੁੱਹਬਤ ਵੀ ਕਰਦਾ ਹੈ। ਜੋ ਅੱਲਾਹ, ਰਸੂਲ ਨਾਲ ਮੁਹੱਬਤ ਕਰਦੇ ਹਨ ਦੋਜ਼ਖ ਨਹੀਂ ਜਾ ਸਕਦੇ।" ਬੇਸ਼ੱਕ! ਅੱਲਾਹ ਕੁੱਲ ਮਖਲੂਕ ਨਾਲ ਮੁਹੱਬਤ ਕਰਦਾ ਹੈ ਅਤੇ ਸਭ ਮਖਲੂਕ ਦਾ ਖਿਆਲ ਰੱਖਦਾ ਹੈ। ਲਾਚਾਰ ਕੀੜੇ ਨੂੰ ਪੱਥਰ ਵਿੱਚ ਵੀ ਰਿਜ਼ਕ ਪਹੁੰਚਾਉਂਦਾ ਹੈ। ਲੇਕਿਨ ਜਿਸ ਤਰ੍ਹਾਂ ਨਾ ਫਰਮਾਨ ਔਲਾਦ ਨੂੰ ਸਜ਼ਾ ਅਤੇ ਬੇਦਖਲ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਨਾ ਫਰਮਾਨਾਂ ਅਤੇ ਗੁਸਤਾਖਾਂ ਦੇ ਲਈ ਉਹ ਕਹਿਰਵਾਨ ਬਣ ਜਾਂਦਾ ਹੈ।

ਯਕੀਨ ਕਰੋ ਤੁਹਾਨੂੰ ਵੀ ਰੱਬ ਦੇਖਣਾ ਚਾਹੁੰਦਾ ਹੈ ਲੇਕਿਨ ਤੁਸੀਂ ਅਣਜਾਣ, ਲਾਪ੍ਰਵਾਹ ਬਦਬਖਤ ਹੋ। ਜਿਸ ਨੂੰ ਲੋਕ ਦੇਖਦੇ ਹਨ, ਉਸ ਨੂੰ ਰੋਜ ਸਾਬਣ ਨਾਲ ਧੋਂਦੇ ਹੋ, ਰੋਜ਼ ਕਰੀਮ ਲਗਾਉਂਦੇ ਹੋ ਅਤੇ ਦਾਹੜੀ, ਵਾਲ ਠੀਕ ਕਰਾਉਂਦੇ ਹੋ ਅਤੇ ਜਿਸ ਨੂੰ ਰੱਬ ਨੇ ਦੇਖਣਾ ਹੈ ਕੀ ਤੁਸੀਂ ਕਦੇ ਉਸ ਨੂੰ ਵੀ ਧੋਇਆ ਹੈ?

ਹਦੀਸ : ਹਰ ਚੀਜ਼ ਨੂੰ ਧੋਣ ਦੇ ਲਈ ਕੋਈ ਨਾ ਕੋਈ ਆਲਾ ਹੈ ਜਦੋਂਕਿ ਦਿਲਾਂ ਨੂੰ ਧੋਣ ਦੇ ਲਈ ਅੱਲਾਹ ਦਾ ਜ਼ਿਕਰ ਹੈ।"

ਪਾਕੀਜ਼ਾ ਮੁਹੱਬਤ ਦਾ ਤਾਅਲੁੱਕ ਵੀ ਦਿਲ ਨਾਲ ਹੁੰਦਾ ਹੈ। ਜ਼ੁਬਾਨ ਨਾਲ I Love You ਕਹਿਣ ਵਾਲੇ ਮੱਕਾਰ ਹੁੰਦੇ ਹਨ। 'ਮੁਹੱਬਤ ਨਹੀਂ ਜਾਂਦੀ ਹੋ ਜਾਂਦੀ... ਹੋ ਜਾਂਦੀ ਹੈ।' ਜੋ ਵੀ ਦਿਲ ਵਿੱਚ ਉੱਤਰ ਜਾਵੇ। ਰੱਬ ਨੂੰ ਦਿਲ ਵਿੱਚ ਉਤਾਰਨ ਦੇ ਲਈ ਤਸੱਵਰ, ਕਲਬੀ ਜ਼ਿਕਰ ਤੇ ਵਲੀ ਅੱਲਾਹ ਹੁੰਦੇ ਹਨ।

ਸਿਰਫ ਗੱਡੀ ਦਾ ਇੰਜਣ ਮੰਜ਼ਿਲ ਮਕਸੂਦ ਤੱਕ ਨਹੀਂ ਪਹੁੰਚਾ ਸਕਦਾ ਜਦੋਂ ਤੱਕ ਦੂਜੀਆਂ ਚੀਜ਼ਾਂ ਵੀ ਜਿਵੇਂ ਸਟੇਅਰਿੰਗ, ਟਾਇਰ ਆਦਿ ਨਾ ਹੋਣ। ਇਸੇ ਤਰ੍ਹਾਂ ਨਮਾਜ਼ ਵੀ ਤਜ਼ਕੀਆ ਨਫਸ ਅਤੇ ਤਸਫੀਆ ਕਲਬ ਦੇ ਬਿਗੈਰ ਅਧੂਰੀ ਹੈ। ਅਗਰ ਇਹਨਾਂ (ਲਵਾਜਮਾਤ) ਲਾਜ਼ਮੀ ਚੀਜ਼ਾਂ ਦੇ ਬਿਨ੍ਹਾਂ ਨਮਾਜ਼ ਹੀ ਸਭ ਕੁੱਝ... ਅਤੇ ਜ਼ੰਨਤ ਹੈ ਫਿਰ ਤੁਸੀਂ ਦੂਜਿਆਂ ਨੂੰ ਕਾਫਰ, ਮੁਰਤਦ ਅਤੇ ਦੋਜ਼ਖੀ ਕਿਉਂ ਕਹਿੰਦੇ ਹੋ ਜਦੋਂਕਿ ਉਹ ਵੀ ਨਮਾਜ਼ ਪੜ੍ਹਦੇ ਹਨ। ਫਰਕ ਇਹ ਹੀ ਹੈ ਕਿ ਕੋਈ ਈਸਾ ਅਲੈ. ਦੇ ਗਧੇ 'ਤੇ ਸਵਾਰ ਹੈ ਅਤੇ ਕੋਈ ਦਜਾਲ ਦੇ ਗਧੇ 'ਤੇ ਸਵਾਰ ਹੈ। ਯਾਨੀ ਅੰਦਰੋਂ ਦੋਵੇਂ ਕਾਲੇ। ਸਿਰਫ ਅਕੀਦਿਆਂ ਦਾ ਫਰਕ ਹੋਇਆ। ਜਦੋਂਕਿ ਅਕੀਦੇ ਇੱਥੇ ਰਹਿ ਜਾਣਗੇ, ਅੰਦਰ ਦੀਆਂ ਰੂਹਾਂ ਅੱਗੇ ਜਾਣਗੀਆਂ।

ਜ਼ੁਬਾਨ ਵਿੱਚ ਨਮਾਜ਼ ਪਰ ਦਿਲ ਵਿੱਚ ਖੁਰਾਫਾਤ, ਹਿਰਸ, ਹਸਦ ਇਹ ਨਮਾਜ਼ੇ ਸੂਰਤ ਕਹਾਉਂਦੀਆਂ ਹਨ। ਆਮ ਲੋਕ ਇਸੇ ਤੋਂ ਖੁਸ਼ ਫਹਿਮੀ ਵਿੱਚ ਉਲਝੇ ਰਹਿੰਦੇ ਹਨ ਅਤੇ ਫਿਰਕਾਬੰਦੀ ਦਾ ਸ਼ਿਕਾਰ ਹੋ ਜਾਂਦੇ ਹਨ। ਇਹਨਾਂ ਦੀ ਦੀਨ ਦੀ ਤਬਲੀਗ ਫਿਤਨਾ ਬਣ ਜਾਂਦੀ ਹੈ। ਫਰਜ਼ ਕਰੋ ਕਿ ਤੁਸੀਂ ਦਸ-ਪੰਦਰਾਂ ਸਾਲ ਤੋਂ ਕਿਸੇ ਇੱਕ ਫਿਰਕੇ ਵਿੱਚ ਰਹਿ ਕੇ ਇਬਾਦਤ ਕਰਦੇ ਰਹੇ। ਫਿਰ ਤੁਹਾਨੂੰ ਦੂਜਾ ਫਿਰਕਾ ਸਹੀ ਲੱਗਿਆ ਤਾਂ ਤੁਸੀਂ ਉਸ ਵਿੱਚ ਸ਼ਾਮਲ ਹੋ ਗਏ। ਇਸ ਦਾ ਮਕਸ ਤੁਹਾਡਾ ਪਹਿਲਾ ਫਿਰਕਾ ਬਾਤਲ ਸੀ। ਬਾਤਲ (ਝੂਠਾ) ਦੀ ਇਬਾਦਤ ਕਬੂਲ ਨਹੀਂ ਹੁੰਦੀ। ਯਾਨੀ ਤੁਸੀਂ ਦਸ-ਪੰਦਰਾਂ ਸਾਲਾ ਨਮਾਜ਼ਾਂ ਨੂੰ ਝੁਠਲਾਇਆ। ਹੋ ਸਕਦਾ ਹੈ ਨਵਾਂ ਫਿਰਕਾ ਵੀ ਬਾਤਲ ਹੋਵੇ! ਫਿਰ ਪਿਛਲੀਆਂ ਵੀ ਗਈਆਂ। ਪੱਟੀ ਉੱਤਰੀ ਤਾਂ ਕੋਹਲੂ ਦੇ ਬਲਦ ਦੀ ਤਰ੍ਹਾਂ ਉੱਥੇ ਹੀ ਘੁੰਮਦੇ ਰਹੇ। ਉਮਰ ਬਰਬਾਦ ਹੋਣ ਤੋਂ ਚੰਗਾ ਸੀ ਕਿ ਕਿਸੇ ਕਾਮਿਲ ਨੂੰ ਲੱਭ ਲੈਂਦੇ।

## ਗੌਹਰ ਸ਼ਾਹੀ ਦਾ ਅਕੀਦਾ

ਸਭ ਧਰਮਾਂ ਦੇ ਅੰਦਰ ਨੇਕੋਕਾਰ ਅਤੇ ਆਬਦਾਂ ਨੂੰ ਇੱਕ ਲਾਈਨ ਵਿੱਚ ਖੜ੍ਹਾ ਕਰ ਦਿੱਤਾ ਜਾਵੇ, ਰੱਬ ਨੂੰ ਕਹੋ, ਕਿਸ ਨੂੰ ਦੇਖੇਗਾ? ਜਿਸ ਤਰ੍ਹਾਂ ਤੇਰੀ ਨਜ਼ਰ ਚਮਕਦੇ ਹੋਏ ਤਾਰਿਆਂ ’ਤੇ ਪੈਂਦੀ ਹੈ, ਉਹ ਮਰੀਖ ਹੋਵੇ ਜਾਂ ਅਤਾਰ ਦਿੱਤਾ ਬੇਨਾਮ ਤਾਰਾ। ਇਸੇ ਤਰ੍ਹਾਂ ਰੱਬ ਵੀ ਚਮਕਦੇ ਹੋਏ ਦਿਲਾਂ ਨੂੰ ਦੇਖਦਾ ਹੈ। ਉਹ ਮਜ਼ਹਬ ਵਾਲੇ ਹੋਣ ਜਾਂ ਬੇਮਜ਼ਹਬ! ਬਿਨ੍ਹਾਂ ਇਸ਼ਕੇ ਦਿਲਬਰ ਦੇ ਸਚਲ। ਕੀ ਕੁਫਰ ਹੈ, ਕੀ ਇਸਲਾਮ ਹੈ।

ਤੁਸੀਂ ਰੱਬ ਦੀ ਤਲਾਸ਼ ਵਿੱਚ ਮੰਦਰਾਂ, ਮਸਜਿਦਾਂ ਤੇ ਗਿਰਜਿਆਂ ਵਗੈਰਾ ਦੀ ਦੌੜ ਲਾਉਂਦੇ ਹੋ। ਕੀ ਇਤਿਹਾਸ ਵਿੱਚ ਕੋਈ ਸਬੂਤ ਹੈ ਕਿ ਰੱਬ ਨੂੰ ਕਿਸੇ ਨੇ ਵੀ ਕਿਸੇ ਇਬਾਦਤਗਾਹ ਵਿੱਚ ਬੈਠੇ ਹੋਏ ਦੇਖਿਆ ਹੋਵੇ? ਐ ਨਾਦਾਨ! ਰੱਬ ਦਾ ਠਿਕਾਣਾ ਤੇਰਾ ਦਿਲ ਹੈ। ਉਸ ਨੂੰ ਦਿਲ ਵਿੱਚ ਵਸਾ, ਫਿਰ ਦੇਖ ਇਹ ਇਬਾਦਤਗਾਹਾਂ ਅਤੇ ਉਹਨਾਂ ਵਿੱਚ ਇਬਾਦਤ ਕਰਨ ਵਾਲੇ ਤੇਰੇ ਵੱਲ ਦੌੜਾਂ ਲਾਉਣਗੇ। ਬਾਏਜ਼ੀਦ ਬਸਤਾਮੀ ਰਹਿ. ਫਰਮਾਉਂਦੇ ਹਨ, “ਇੱਕ ਅਰਸੇ ਤੋਂ ਕਾਬੇ ਦਾ ਤਵਾਫ ਕਰਦਾ ਰਿਹਾ, ਜਦੋਂ ਰੱਬ ਮੇਰੇ ਅੰਦਰ ਆਇਆ ਤਾਂ ਉਸ ਸਮੇਂ ਤੋਂ ਕਾਅਬਾ ਮੇਰਾ ਤਵਾਫ ਕਰ ਰਿਹਾ ਹੈ।” ਇਹ ਇਬਾਦਤਗਾਹਾਂ ਸਵਾਬਗਾਹਾਂ ਹਨ, ਜਦੋਂਕਿ ਇਹ ਦਿਲ ਆਮਾਜਗਾਹ ਹੈ। ਇਬਾਦਤਗਾਹਾਂ ਵਿੱਚ ਤੂੰ ਪੁਕਾਰੇਂਗਾ ਅਤੇ ਰੱਬ ਦਿਲਾਂ ਵਿੱਚ ਪੁਕਾਰੇਗਾ।

*ਅਕਲ ਵਾਲਿਆਂ ਦੇ ਨਸੀਬ ਵਿੱਚ ਕਹਾਂ ਜ਼ੌਕੇ ਜਨੂਨ*

*ਇਸ਼ਕ ਵਾਲੇ ਹੈਂ ਜੋ ਹਰ ਚੀਜ਼ ਲੁਟਾ ਦੇਤੇ ਹੈਂ*

*ਅੱਲਾਹ ਅੱਲਾਹ ਕੀਏ ਜਾਨੇ ਸੇ ਅੱਲਾਹ ਨਾ ਮਿਲੇ*

*ਅੱਲਾਹ ਵਾਲੇ ਹੈਂ ਜੋ ਅੱਲਾਹ ਸੇ ਮਿਲਾ ਦੇਤੇ ਹੈਂ।*

ਹਰ (ਮਜ਼ਹਬ) ਧਰਮ ਦਾ ਅਕੀਦਾ ਹੈ ਕਿ ਉਸ ਦੇ ਨਬੀ ਦੀ ਸ਼ਾਨ ਸਭ ਤੋਂ ਬੁਲੰਦ ਹੈ ਅਤੇ ਇਹੀ ਅਕੀਦਾ ਅਹਿਲੇ ਕਿਤਾਬ ਵਿੱਚ ਜੰਗਾਂ ਦਾ ਸਬੱਬ ਬਣਿਆਂ। ਬਿਹਤਰ ਹੈ ਤੁਸੀਂ ਰੂਹਾਨੀਅਤ ਦੇ ਜ਼ਰੀਏ ਨਬੀਆਂ ਦੀ ਮਹਿਫਿਲ ਵਿੱਚ ਪਹੁੰਚ ਜਾਵੋ, ਫਿਰ ਹੀ ਪਤਾ ਲੱਗੇਗਾ ਕਿ ਕੌਣ ਕਿਸ ਮੁਕਾਮ ਪਰ ਹੈ ਅਤੇ ਕੌਣ ਕਿਸ ਦਰਜੇ ਪਰ ਹੈ।

**ਜ਼ਰੂਰੀ ਨੋਟ** :- ਹਰ ਨਬੀ ਨੂੰ ਅੱਲਾਹ ਨੇ ਖਾਸ ਨਾਮਾਂ ਨਾਲ ਪੁਕਾਰਿਆ ਜੋ ਉਹਨਾਂ ਦੀ ਉੱਮਤ ਦੇ ਲਈ ਪਹਿਚਾਣ ਅਤੇ ਕਲਮੇਂ ਬਣ ਗਏ। ਇਹ ਨਾਮ ਅੱਲਾਹ ਦੀ ਆਪਣੀ ਜ਼ੁਬਾਨ ਸੁਰਿਆਨੀ ਵਿੱਚ ਸਨ। ਇਹਨਾਂ ਦੇ ਇਕਰਾਰ ਨਾਲ ਉਸ ਨਬੀ ਦੀ ਉੱਮਤ ਵਿੱਚ ਦਾਖਲਾ ਹੁੰਦਾ ਹੈ। ਤਿੰਨ ਵਾਰੀ ਇਕਰਾਰ ਸ਼ਰਤ ਹੈ। ਉੱਮਤ ਵਿੱਚ ਦਾਖਲ ਹੋਣ ਦੇ ਬਾਅਦ ਇਹਨਾਂ ਸ਼ਬਦਾਂ ਨੂੰ ਜਿਤਨਾ ਵੀ ਦੁਹਰਾਏਗਾ ਉਤਨਾ ਹੀ ਪਾਕੀਜ਼ਾ ਹੁੰਦਾ ਜਾਵੇਗਾ। ਮੁਸੀਬਤ ਦੇ ਵੇਲੇ ਇਹਨਾਂ ਲਫਜ਼ਾਂ ਨੂੰ ਬੋਲਣਾ ਮੁਸੀਬਤ ਤੋਂ ਛੁਟਕਾਰਾ ਬਣ ਜਾਂਦਾ ਹੈ। ਕਬਰ ਵਿੱਚ ਵੀ ਇਹ ਲਫਜ਼, ਹਿਸਾਬ-ਕਿਤਾਬ ਵਿੱਚ ਕਮੀ ਦਾ ਕਾਰਨ ਬਣ ਜਾਂਦੇ ਹਨ। ਜਿਵੇਂ

ਕਿ ਜ਼ੰਨਤ ਵਿੱਚ ਦਾਖਲੇ ਦੇ ਲਈ ਵੀ ਇਹਨਾਂ ਸ਼ਬਦਾਂ ਨੂੰ ਬੋਲਣਾ ਸ਼ਰਤ ਹੈ। ਹਰ ਉੱਮਤ ਨੂੰ ਚਾਹੀਦਾ ਹੈ ਕਿ ਆਪਣੇ ਨਬੀ ਦੇ ਕਲਮੇਂ ਨੂੰ ਯਾਦ ਕਰਨ ਅਤੇ ਸੁਬਹਾ-ਸ਼ਾਮ ਜਿੰਨਾ ਵੀ ਹੋ ਸਕੇ ਉਸ ਨੂੰ ਪੜ੍ਹਨ। ਹਿਦਾਇਤ ਦੇ ਲਈ ਆਸਮਾਨੀ ਕਿਤਾਬਾਂ ਆਪ ਆਪਣੀ ਜ਼ੁਬਾਨ ਵਿੱਚ ਪੜ੍ਹ ਸਕਦੇ ਹਨ ਲੇਕਿਨ ਇਬਾਦਤ ਦੇ ਲਈ ਅਸਲੀ ਕਿਤਾਬ ਦੀ ਅਸਲੀ ਲਿਖਤਾਂ ਜ਼ਿਆਦਾ ਫੈਜ਼ ਪਹੁੰਚਾਉਂਦੀਆਂ ਹਨ।

## ਰਸੂਲਾਂ ਦੇ ਕਲਮੇਂ ਇਹ ਹਨ

**ਈਸਾਈਆਂ ਦਾ ਕਲਮਾਂ** :- ਲਾਇਲਾਹਾ ਇੱਲਅੱਲਾਹ ਈਸਾ ਰੂਹ ਅੱਲਾਹ।

**ਅਰਥ** :- ਅੱਲਾਹ ਦੇ ਬਿਨ੍ਹਾਂ ਕੋਈ ਮਾਅਬੂਦ ਨਹੀਂ ਈਸਾ ਅੱਲਾਹ ਦੀ ਰੂਹ ਹੈ।

**ਯਹੂਦੀਆਂ ਦਾ ਕਲਮਾਂ** :- ਲਾਇਲਾਹਾ ਇੱਲਅੱਲਾਹ ਮੂਸਾ ਕਲੀਮ ਅੱਲਾਹ।

**ਅਰਥ** :- ਅੱਲਾਹ ਤੋਂ ਬਿਨ੍ਹਾਂ ਕੋਈ ਮਾਅਬੂਦ ਨਹੀਂ ਮੂਸਾ ਅੱਲਾਹ ਦੇ ਨਾਲ ਗੱਲਬਾਤ ਕਰਦੇ ਹਨ।

**ਇਬਰਾਹੀਮ ਦਾ ਕਲਮਾਂ** :- ਲਾਇਲਾਹਾ ਇੱਲਅੱਲਾਹ ਇਬਰਾਹੀਮ ਖਲੀਲ ਅੱਲਾਹ।

**ਅਰਥ** :- ਅੱਲਾਹ ਤੋਂ ਬਿਨ੍ਹਾਂ ਕੋਈ ਮਾਅਬੂਦ ਨਹੀਂ ਇਬਰਾਹੀਮ ਅੱਲਾਹ ਦੇ ਦੋਸਤ ਹਨ।

**ਮੁਸਲਮਾਨਾਂ ਦਾ ਕਲਮਾਂ** :- ਲਾਇਲਾਹਾ ਇੱਲਅੱਲਾਹ ਮੁਹੰਮਦ ਰਸੂਲ ਅੱਲਾਹ।

**ਅਰਥ** :- ਅੱਲਾਹ ਤੋਂ ਬਿਨ੍ਹਾਂ ਕੋਈ ਮਾਅਬੂਦ ਨਹੀਂ ਮੁਹੰਮਦ ਅੱਲਾਹ ਦੇ ਰਸੂਲ ਹਨ।

ਜਦੋਂ ਕਿ ਹਿੰਦੂ ਅਤੇ ਸਿੱਖ ਦੀਨ ਆਦਮ ਅਤੇ ਦੀਨ ਨੂਹ ਅਲੈ. ਦੀ ਇੱਕ ਕੜੀ ਹਨ। ਆਦਮ ਅਲੈ. ਦੀ ਹਜਰਾ ਅਸਵਦ (ਪੱਥਰ) ਦੀ ਤਾਅਜ਼ੀਮ ਨਾਲ ਇਹਨਾਂ ਵਿੱਚ ਵੀ ਪੱਥਰ ਪੂਜਣ ਦੀ ਰੀਤ ਚੱਲ ਪਈ। ਕਿਸ਼ਤੀ ਨੂਹ ਅਲੈ. ਤੋਂ ਬਚੇ ਹੋਏ ਲੋਕਾਂ ਨੇ ਵੀ ਹਿੰਦੋਸਤਾਨ ਵਿੱਚ ਤਬਲੀਗ ਕਰੀ ਸੀ ਅਤੇ ਖਿਜ਼ਰ ਅਲੈ. ਤੋਂ ਵੀ ਇਨ੍ਹਾਂ ਦੇ ਗਿਰੋਹ ਨੂੰ ਫੈਜ਼ ਮਿਲਿਆ ਸੀ ਅਤੇ ਇਹਨਾਂ ਦੀਆਂ ਦੁਆਵਾਂ ਵਿੱਚ ਆਦਮ ਅਲੈ. (ਸ਼ੰਕਰ ਜੀ) ਅਤੇ ਖਿਜ਼ਰ ਅਲੈ. (ਵਿਸ਼ਨੂੰ ਮਹਾਰਾਜ) ਦੇ ਨਾਮ ਸ਼ਾਮਲ ਹਨ।

ਹਰ (ਮਜ਼ਹਬ) ਧਰਮ ਵਾਲਾ ਭਾਵੇਂ ਕੋਈ ਵੀ (ਜ਼ੁਬਾਨ ਰੱਖਦਾ) ਬੋਲੀ ਬੋਲਦਾ ਹੋਵੇ ਲੇਕਿਨ ਇਹ ਕਲਮੇਂ ਅੱਲਾਹ ਦੀ ਸੁਰਿਆਨੀ ਭਾਸ਼ਾ ਵਿੱਚ ਉਸ ਦੀ ਪਹਿਚਾਣ ਅਤੇ ਛੁਟਕਾਰਾ ਹਨ। ਆਮ ਇਨਸਾਨ ਦੇ ਲਈ ਰੋਜ਼ਾਨਾ ਕਮ ਤੋਂ ਕਮ ਤੇਤੀ

(33) ਵਾਰੀ ਅੱਲਾਹ ਰਸੂਲ ਨੂੰ ਸੁਬਹਾ ਤੇ ਸ਼ਾਮ ਯਾਦ ਕਰਨਾ ਜ਼ਰੂਰੀ ਹੈ। ਦੁਨਿਆਵੀ ਮੁਸੀਬਤਾਂ ਤੋਂ ਬਚਣ ਦੇ ਲਈ ਰੋਜ਼ਾਨਾ ਨੜਿਨਵੇਂ (99) ਵਾਰ ਸੁਬਹਾ ਤੇ ਸ਼ਾਮ ਜਾਂ ਜਿੰਨਾ ਵੀ ਹੋ ਸਕੇ ਮੁਸੀਬਤ ਨੂੰ ਟਾਲਣ ਦੇ ਲਈ ਪੰਜ ਹਜ਼ਾਰ (5000), ਪੱਚੀ ਹਜ਼ਾਰ (25000)। ਕਈ ਸ਼ਖਸ ਇੱਕ ਬੈਠਕ ਵਿੱਚ ਹੀ ਪੜ੍ਹ ਸਕਦੇ ਹਨ। ਆਖਰੀ ਹੱਦ ਸਵਾ ਲੱਖ (125000) ਹੈ।

ਦਿਲ ਨੂੰ ਸਾਫ ਕਰਨ ਅਤੇ ਧੱਬੇ ਮਿਟਾਉਣ ਦੇ ਲਈ ਸਾਹਾਂ ਦੀ (ਮਸ਼ਕ) ਵਾਰ-ਵਾਰ ਸਾਹ ਲੈਂਦੇ ਵਕਤ 'ਲਾਇਲਾਹਾ ਇੱਲਅੱਲਾਹ' ਅਤੇ ਸਾਹ ਕੱਢਦੇ ਵਕਤ ਬਾਕੀ ਅਗਲਾ ਹਿੱਸਾ ਪੜ੍ਹੇ। ਸਾਹ ਕੱਢਦੇ ਹੋਏ ਧਿਆਨ ਦਿਲ ਦੀ ਤਰਫ ਹੋਵੇ। ਅੱਲਾਹ ਨਾਲ ਮੁਹੱਬਤ ਤੇ ਕੁਰਬ ਹਾਸਲ ਕਰਨ ਲਈ ਦੂਜਾ ਤਰੀਕਾ ਹੈ, ਜੋ ਬਿਨ੍ਹਾਂ ਰੱਬ ਦੀ ਰਜ਼ਾ ਦੇ ਮੁਸ਼ਕਿਲ ਹੈ। ਕਿਤਾਬ ਵਿੱਚ ਦਰਜ ਕੀਤੇ ਹੋਏ ਤਰੀਕੇ ਮੁਤਾਬਿਕ ਦਿਲ ਦੀਆਂ ਧੜਕਣਾਂ ਨੂੰ ਤਸਵੀ ਬਣਾਉਣਾ ਪੈਂਦਾ ਹੈ ਅਤੇ ਧੜਕਣਾਂ ਦੇ ਨਾਲ ਸਿਰਫ ਅੱਲਾਹ ਦੇ ਖਾਲਸ ਸ਼ਬਦ ਨੂੰ ਮਿਲਾਉਣਾ ਪੈਂਦਾ ਹੈ। ਜਿੰਨਾ ਹੋ ਸਕੇ ਰੋਜ਼ਾਨਾ ਇਸ ਦੀ ਵੀ (ਮਸ਼ਕ) ਵਾਰ-ਵਾਰ ਪੜ੍ਹੋ। ਕਿਸੇ ਦਾ ਧਿਆਨ ਦੇ ਰਾਹੀਂ, ਕਿਸੇ ਦਾ ਬਿਨ੍ਹਾਂ ਧਿਆਨ ਦੇ ਰਾਹੀਂ ਵੀ ਅਤੇ ਕਿਸੇ ਦਾ ਕਲਬ, ਰੂਹ ਦੀ (ਬੇਦਾਰੀ) ਜਗਾਉਣ ਦੇ ਬਾਅਦ ਹਰ ਵਕਤ ਵੀ ਖੁਦ-ਬ-ਖੁਦ ਜ਼ਿਕਰ ਜਾਰੀ ਹੋ ਸਕਦਾ ਹੈ।

ਅੱਲਾਹ ਦੇ ਦੋਸਤਾਂ ਦਾ ਜ਼ਿਕਰ ਬਹੱਤਰ ਹਜ਼ਾਰ ਰੋਜ਼ਾਨਾ ਹੁੰਦਾ ਹੈ। ਆਸ਼ਿਕਾਂ ਦਾ ਜ਼ਿਕਰ ਸਵਾ ਲੱਖ ਤੱਕ ਪਹੁੰਚ ਜਾਂਦਾ ਹੈ। ਅਗਰ ਲਤੀਫਾ ਵੀ ਜ਼ਿਕਰ ਵਿੱਚ ਲੱਗ ਜਾਵੇ ਤਾਂ ਉਸ ਦੇ ਜ਼ਿਕਰ ਦਾ ਹਿਸਾਬ ਕਰਨਾ ਕਾਤਬੀਨ ਦੇ ਵੀ ਵਸ ਨਹੀਂ ਰਹਿੰਦਾ।

ਕੋਈ ਫਰਸ਼ 'ਤੇ, ਕੋਈ ਅਰਸ਼ 'ਤੇ
ਕੋਈ ਕਾਅਬੇ ਵਿੱਚ, ਕੋਈ ਰੂਏ ਖੁਦਾ। (ਤਰਿਆਕ ਕਲਬ)

ਮਜ਼ਹਬ ਵਾਲੇ ਇਸਮ ਅੱਲਾਹ ਦੇ ਇਲਾਵਾ ਨਬੀ ਦੇ ਨਾਮ ਨੂੰ ਵੀ ਦਿਲ ਵਿੱਚ ਜਮਾਉਣ ਦੀ ਕੋਸ਼ਿਸ਼ ਕਰਿਆ ਕਰਨ ਤਾਂ ਕਿ ਇਸਮ ਅੱਲਾਹ ਕੰਟਰੋਲ ਵਿੱਚ ਰਹੇ। ਵਜਦ, ਜਜ਼ਬ ਜਾਂ ਜਲਾਲ ਦੀ ਸੂਰਤ ਵਿੱਚ ਨਬੀ ਦਾ ਕਲਮਾਂ ਉਸ ਵਕਤ ਤੱਕ ਪੜ੍ਹੇ ਜਦੋਂ ਤੱਕ ਉਹ ਹਾਲਤ ਖਤਮ ਨਾ ਹੋ ਜਾਵੇ ਅਤੇ ਦੇਖੇ ਹੋਏ ਮੁਰਸ਼ਿਦ ਨੂੰ ਵੀ ਖਿਆਲ ਵਿੱਚ ਲਿਆਵੇ ਤਾਂ ਕਿ ਉਸ ਦੀ ਰੂਹਾਨੀ ਤਾਕਤ ਦਿਲ ਉੱਤੇ ਅੱਲਾਹ ਨਕਸ਼ ਕਰੇ। ਜਿਹਨਾਂ ਦਾ ਕੋਈ ਧਰਮ ਨਹੀਂ ਖੁਦਾ ਨੂੰ ਖ਼ਬਰ ਹੈ ਕਿ ਉਹਨਾਂ ਦਾ ਨਸੀਬ ਕਿਸੇ ਦੇ ਪਾਸ ਹੈ ਜਾਂ ਕਿਤੇ ਵੀ ਨਹੀਂ ਹੈ। ਉਹ ਵਾਰ-ਵਾਰ ਮਸ਼ਕ ਦੇ ਦੌਰਾਨ ਪੰਜੇ ਮੁਰਸਲੀਨਾਂ ਦੇ ਨਾਮ ਦਾ ਤਸੱਵਰ ਕਰਨ ਅਤੇ ਜਿਸ ਵੀ ਦੇਖੇ ਹੋਏ ਵਲੀ ਪਰ ਯਕੀਨ ਰੱਖਦੇ ਹਨ, ਉਸ ਦਾ ਵੀ ਖਿਆਲ ਲਿਆਉਣ। ਫਿਰ ਜਿਸ ਦੇ ਆਪ ਹੋ ਉਹ ਅੰਦਰੋਂ ਬੋਲਣਾ ਸ਼ੁਰੂ ਕਰ ਦੇਵੇਗਾ। ਯਾਨੀ ਆਪਦਾ ਰੁਖ ਮੁੱਹਬਤ ਅਤੇ ਦਿਲ ਉਸੇ ਦੀ ਤਰਫ ਮਾਇਲ ਹੋ ਜਾਵੇਗਾ।

ਕਿਸੇ ਜ਼ਮਾਨੇ ਵਿੱਚ ਅਹਿਲੇ ਕਿਤਾਬ ਇੱਕ ਪਲੇਟਫਾਰਮ ’ਤੇ ਜਮ੍ਹਾਂ ਹੋ ਗਏ ਸਨ। ਆਪਸ ਵਿੱਚ ਇਕੱਠਾ ਖਾਣਾ-ਪੀਣਾ ਅਤੇ ਇੱਕ-ਦੂਜੇ ਨਾਲ ਸ਼ਾਦੀਆਂ ਦੀ ਇਜਾਜ਼ਤ ਹੋ ਗਈ ਸੀ। ਇਸ ਤਰ੍ਹਾਂ ਇਸ ਜ਼ਮਾਨੇ ਵਿੱਚ ਅਹਿਲੇ ਜ਼ਿਕਰ ਵੀ ਇੱਕ ਹੋ ਜਾਣਗੇ। ਅਹਿਲੇ ਕਿਤਾਬ ਵਾਲੇ ਆਰਜ਼ੀ ਸਨ ਕਿਉਂਕਿ ਕਿਤਾਬਾਂ ਜ਼ੁਬਾਨ ਪਰ ਸੀ... ਨਿਕਲ ਗਈ ਅਤੇ ਇਹ ਮਜ਼ਬੂਤ ਹੋਣਗੇ ਕਿਉਂਕਿ ਅੱਲਾਹ ਦਾ ਨਾਮ ਅਤੇ ਉਸ ਦਾ ਨੂਰ ਖ਼ੂਨ ਅਤੇ ਦਿਲ ਵਿੱਚ ਹੋਵੇਗਾ। ਜੋ ਬਿਮਾਰੀ ਖ਼ੂਨ ਵਿੱਚ ਚਲੀ ਜਾਵੇ ਜਾਂ ਜਿਸ ਦੀ ਮੁਹੱਬਤ ਦਿਲ ਵਿੱਚ ਉੱਤਰ ਜਾਵੇ, ਉਸ ਦਾ ਨਿਕਲਣਾ ਮੁਸ਼ਕਿਲ ਹੈ।

ਪਾਣੀ, ਪਾਣੀ ਹੀ ਹੈ। ਲੇਕਿਨ ਜਦੋਂ ਰਗੜ ਲੱਗਦੀ ਹੈ ਤਾਂ ਬਿਜਲੀ ਬਣ ਜਾਂਦਾ ਹੈ। ਦੁੱਧ ਨੂੰ ਰਗੜਦੇ ਹਨ ਤਾਂ ਮੱਖਣ ਬਣ ਜਾਂਦਾ ਹੈ। ਇਸ ਤਰ੍ਹਾਂ ਆਸਮਾਨੀ ਕਿਤਾਬਾਂ ਦੀਆਂ ਅਸਲੀ ਆਇਤਾਂ ਦਾ ਜਦੋਂ (ਤਕਰਾਰ) ਵਾਰ-ਵਾਰ ਕਹਿੰਦੇ ਹਨ ਤਾਂ ਨੂਰ ਬਣਦਾ ਜਾਂਦਾ ਹੈ। ਆਇਤਾਂ ਅਤੇ ਸਿਫਾਤੀ ਨਾਮਾਂ ਦੇ ਵਾਰ-ਵਾਰ ਕਹਿਣ ਨਾਲ ਸਿਫਾਤੀ ਨੂਰ ਬਣਦਾ ਹੈ ਜਿਸ ਦੀ ਪਹੁੰਚ ਮਲਾਇਕਾਂ ਤੱਕ ਹੈ ਜੋ ਬਿਲ ਵਾਸਤਾ ਹੈ। ਇਹ ਵਹਿਦਤ-ਅਲ-ਵਜੂਦ ਦਾ ਮੁਕਾਮ ਹੈ। ਲੇਕਿਨ ਅੱਲਾਹ ਦੇ ਜ਼ਾਤੀ ਨਾਮ ਦੇ (ਤਕਰਾਰ) ਵਾਰ-ਵਾਰ ਕਰਨ ਦੇ ਨੂਰ ਦੀ ਪਹੁੰਚ ਜ਼ਾਤ ਤੱਕ ਹੈ। ਜੋ ਬਿਲਾ ਵਾਸਤਾ ਹੈ। ਇਹ ਵਹਿਦਤ-ਅਲ-ਸ਼ਹੂਦ ਨਾਲ ਤਾਅਲੁੱਕ ਰੱਖਦਾ ਹੈ।

ਬਹੁਤ ਸਾਰੇ ਲੋਕ ਆਪਣੇ ਧਰਮ ਦੇ ਨਬੀ ਅਤੇ ਵਲੀਆਂ ਦਾ ਬਹੁਤ ਹੀ ਅਹਿਤਰਾਮ, ਅਕੀਦਤ ਅਤੇ ਮੁਹੱਬਤ ਰੱਖਦੇ ਹਨ। ਲੇਕਿਨ ਦੂਜੇ ਧਰਮ ਦੇ ਨਬੀਆਂ-ਵਲੀਆਂ ਨਾਲ ਦੁਸ਼ਮਣੀ, ਅਨਾਦ ਅਤੇ ਬੁਗਜ਼ ਰੱਖਦੇ ਹਨ। ਐਸੇ ਲੋਕ ਵੀ ਅੱਲਾਹ ਦੀ ਤਰਫ ਨਾਲ ਕੋਈ ਮੁਕਾਮ ਹਾਸਿਲ ਨਹੀਂ ਕਰ ਸਕਦੇ ਹਨ ਕਿਉਂਕਿ ਜਿਹਨਾਂ ਦੀ ਬੁਰਾਈ ਕਰਦੇ ਹਨ, ਉਹ ਵੀ ਅੱਲਾਹ ਦੇ ਦੋਸਤਾਂ ਵਿੱਚੋਂ ਹਨ ਅਤੇ ਅੱਲਾਹ ਦੀ ਮਰਜ਼ੀ ਨਾਲ ਹੀ ਵੱਖ-ਵੱਖ ਧਰਮਾਂ ਅਤੇ ਕੌਮਾ ਵਿੱਚ (ਤੈਨਾਤ) ਮੁਕੱਰਰ ਕੀਤੇ ਗਏ।

## ਕੁੱਝ ਮੁਹਿੱਬ ਰੂਹਾਂ ਦੇ ਅੱਖੀਂ ਦੇਖੇ ਹਾਲ

**ਇੱਕ ਅਜ਼ਲੀ ਰੂਹ ਦਾ ਵਾਕਿਆ :-**

ਮੈਂ ਅਮਰੀਕਾ ਵਿੱਚ ਨਸਫ ਸ਼ਬ ਦੇ ਕਰੀਬ ਇੱਕ ਜੰਗਲ ਵਿੱਚੋਂ ਲੰਘਿਆ। ਦੇਖਿਆ ਇੱਕ ਸ਼ਖਸ ਇੱਕ ਦਰੱਖਤ ਦੇ ਸਾਹਮਣੇ ਸਿਜਦੇ ਵਿੱਚ ਗਿਰ ਕੇ ਗਿੜਗਿੜਾ ਰਿਹਾ ਹੈ। ਤਕਰੀਬਨ ਇੱਕ ਘੰਟੇ ਬਾਅਦ ਮੇਰੀ ਵਾਪਸੀ ਹੋਈ। ਅਜੇ ਵੀ ਉਹ ਉਸੇ ਹਾਲਤ ਵਿੱਚ ਸੀ। ਮੈਂ ਨੇੜੇ ਜਾ ਕੇ ਰੁਕ ਗਿਆ। ਉਸ ਨੇ ਮੈਨੂੰ ਮਹਿਸੂਸ ਕਰ ਕੇ ਸਿਜਦੇ ਵਿੱਚੋਂ ਸਿਰ ਉਠਾਇਆ ਅਤੇ ਕਿਹਾ, "ਮੈਨੂੰ ਡਿਸਟਰਬ ਕਿਉਂ ਕੀਤਾ?" ਮੈਂ ਕਿਹਾ, "ਮੈਂ ਵੀ ਰੱਬ ਦੀ ਤਲਾਸ਼ ਵਿੱਚ ਹਾਂ। ਲੇਕਿਨ ਦਰੱਖਤ ਤੋਂ ਕਿਵੇਂ ਰੱਬ ਮਿਲੇਗਾ? ਚੰਗਾ ਹੁੰਦਾ ਜੇ ਕਿਸੇ ਧਰਮ ਦੇ ਰਾਹੀਂ ਰੱਬ ਨੂੰ ਹਾਸਲ ਕਰਦਾ!" ਕਹਿਣ ਲੱਗਿਆ, "ਬਾਈਬਲ, ਕੁਰਆਨ ਜਾਂ ਜੋ ਵੀ ਆਸਮਾਨੀ ਕਿਤਾਬਾਂ ਹਨ, ਮੈਂ ਉਹਨਾਂ ਦੀ ਅਸਲ (Original) ਭਾਸ਼ਾ ਨਹੀਂ ਜਾਣਦਾ ਅਤੇ ਉਹਨਾਂ ਕਿਤਾਬਾਂ ਦੇ ਜੋ ਤਰਜਮੇਂ ਹੋਏ ਹਨ, ਮੈਂ ਉਹਨਾਂ 'ਤੇ (ਮੁੱਤਮੱਈਨ) ਰਾਜ਼ੀ ਨਹੀਂ ਕਿਉਂਕਿ ਉਹਨਾਂ ਵਿੱਚ ਜਬਰਦਸਤ ਫਰਕ ਹੈ ਜਿਸ ਦੀ ਵਜਾਹ ਨਾਲ ਯਕੀਨ ਨਹੀਂ ਹੋ ਸਕਦਾ ਕਿ ਇਹ ਕਿਸੇ ਇੱਕ ਹੀ ਖੁਦਾ ਦੀ ਤਰਫ ਤੋਂ ਭੇਜੀਆਂ ਹੋਈਆਂ ਕਿਤਾਬਾਂ ਹਨ। ਇੱਕ ਕਿਤਾਬ ਵਿੱਚ ਲਿਖਿਆ ਹੈ ਕਿ ਈਸਾ ਅਲੈ. ਮੇਰਾ ਬੇਟਾ ਹੈ ਜਦੋਂਕਿ ਦੂਜੀ ਵਿੱਚ ਹੈ ਕਿ ਮੇਰਾ ਕੋਈ ਬੇਟਾ ਵਗੈਰਾ ਨਹੀਂ ਹੈ। ਬਹੁਤ ਸਮੇਂ ਦੇ ਵਿੱਚ ਉਹਨਾਂ ਦਾ ਸਰਵੇਖਣ ਕੀਤਾ ਜਿਸ ਨਾਲ ਮੇਰਾ ਸਮਾਂ ਅਤੇ ਉਮਰ ਬਰਬਾਦ ਹੋਈ। ਮੈਂ ਤਾਂ ਹੁਣ ਦੂਜਾ ਰਾਸਤਾ ਅਪਣਾਅ ਲਿਆ ਹੈ ਕਿ ਇਹ ਦਰੱਖਤ ਇੰਨਾ ਖੂਬਸੂਰਤ ਹੈ। ਇਸ ਦਾ ਮਕਸਦ ਰੱਬ ਨਾਲ ਮੁਹੱਬਤ ਕਰਨਾ ਹੈ। ਹੋ ਸਕਦਾ ਹੈ ਇਸ ਦੇ ਜ਼ਰੀਏ ਮੇਰੀ ਰੱਬ ਤੱਕ ਪਹੁੰਚ ਹੋ ਜਾਵੇ।" ਇਹ ਕੋਈ ਅਜ਼ਲੀ ਮੁਹੱਬਤ ਵਾਲੀ ਰੂਹ ਸੀ ਜੋ ਆਪਣੀ ਅਕਲ ਦੇ ਮੁਤਾਬਿਕ ਰੱਬ ਦੀ ਤਲਾਸ਼ ਵਿੱਚ ਸੀ। ਕੀ ਇਹੋ ਜਿਹੇ ਲੋਕ ਦੋਜ਼ਖ ਵਿੱਚ ਜਾ ਸਕਦੇ ਹਨ? ਜੋ ਕਿ ਮਾਅਜ਼ੂਰ ਕਹਾਉਂਦੇ ਹਨ ਅਤੇ ਇਹੀ ਕੁੱਤੇ ਤੋਂ ਕੁਤਮੀਰ ਬਣ ਜਾਂਦੇ ਹਨ। ਜਦੋਂਕਿ ਹਜ਼ਰਤ ਕੁਤਮੀਰ ਦਾ ਵੀ ਕੋਈ ਮਜ਼ਹਬ ਨਹੀਂ ਸੀ।

**ਐਰੀਜ਼ੋਨਾ (Arizona) ਦੀ ਮਿਸ ਕੈਥਰੀਨ ਨੇ ਵਾਕਿਆ ਸੁਣਾਇਆ :-**

"ਮੈਂ ਅੰਜੀਲਾ ਤੋਂ ਜ਼ਿਕਰ ਕਲਬੀ ਦੀ ਇਜਾਜ਼ਤ ਲਈ।" ਅੰਜੀਲਾ ਨੇ ਕਿਹਾ, "ਸੱਤ ਦਿਨ ਦੇ ਅੰਦਰ-ਅੰਦਰ ਅਗਰ ਦਿਲ ਵਿੱਚ 'ਅੱਲਾਹ-ਅੱਲਾਹ' ਸ਼ੁਰੂ ਹੋ ਗਈ ਤਾਂ ਸਮਝਣਾ ਕਿ ਰੱਬ ਨੇ ਤੈਨੂੰ ਕਬੂਲ ਕਰ ਲਿਆ ਹੈ। ਨਹੀਂ ਤਾਂ ਤੇਰੀ ਜ਼ਿੰਦਗੀ ਫਜ਼ੂਲ ਹੈ।" ਜਦ ਸੱਤ ਦਿਨ ਦੀ ਮਿਨਤ ਨਾਲ ਵੀ ਮੇਰਾ ਜ਼ਿਕਰ ਜਾਰੀ ਨਾ ਹੋਇਆ ਤਾਂ ਇੱਕ ਰਾਤ ਮੈਨੂੰ ਸਖਤ ਰੋਣਾ ਆਇਆ। ਮੈਂ ਗਿੜਗਿੜਾਈ। ਉਸੇ ਰਾਤ ਮੇਰੇ ਅੰਦਰ 'ਅੱਲਾਹ-ਅੱਲਾਹ' ਸ਼ੁਰੂ ਹੋ ਗਈ ਜੋ ਤਿੰਨ ਸਾਲ ਤੋਂ ਜਾਰੀ ਹੈ। ਕੈਥਰੀਨ ਉਮਰ ਦੀ ਕਾਇਲ ਨਹੀਂ ਬਲਕਿ ਤੰਦਰੁਸਤੀ ਦੀ ਕਾਇਲ ਹੈ। ਇਸੇ ਤਰ੍ਹਾਂ ਉਹ ਧਰਮ ਦੀ ਵੀ ਕਾਇਲ ਨਹੀਂ ਬਲਕਿ ਉਸ ਦੀ ਮੁਹੱਬਤ ਦੀ ਕਾਇਲ ਹੈ। ਉਸ ਦਾ ਕਹਿਣਾ ਹੈ ਕਿ "ਇਸ ਜ਼ਿਕਰ ਦੀ ਵਜਾਹ ਨਾਲ ਮੇਰੇ ਦਿਲ ਵਿੱਚ ਰੱਬ ਦੀ ਮੁਹੱਬਤ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ। ਮੇਰੇ ਲਈ ਇਹੀ ਕਾਫੀ ਹੈ।"

ਮੈਂ ਉਸ ਵਕਤ ਸੇਹੂਨ ਦੀਆਂ ਪਹਾੜੀਆਂ ਵਿੱਚ ਸੀ। ਕਦੇ-ਕਦੇ ਲਾਲ ਸ਼ਹਿਬਾਜ਼ ਦੇ ਦਰਬਾਰ ਚਲਿਆ ਜਾਂਦਾ। ਇੱਕ ਸ਼ਖਸ ਦਰਬਾਰ ਦੇ ਬਾਹਰ ਵਰਾਂਡੇ ਵਿੱਚ ਬੈਠਾ ਹੋਇਆ ਸੀ। ਬਹੁਤ ਸਾਰੇ ਹਿੰਦੂ ਧਰਮ ਦੇ ਲੋਕ ਉਸ ਦੇ ਦੁਆਲੇ ਬੜੀ ਅਕੀਦਤ ਨਾਲ ਜਮ੍ਹਾਂ ਸਨ। ਪੁੱਛਿਆ, "ਇਹ ਕੌਣ ਬਜ਼ੁਰਗ ਹੈ?" ਕਹਿਣ ਲੱਗੇ, "ਇਹ ਹਿੰਦੂਆਂ ਦਾ ਗੁਰੂ ਹੈ। ਰੌਸ਼ਨ ਜ਼ਮੀਰ ਵੀ ਹੈ। ਇਸ ਦੇ ਜ਼ਰੀਏ ਸਾਡੀਆਂ ਦਰਖਾਸ਼ਤਾਂ ਲਾਲ ਸਾਈਂ ਤੱਕ ਪਹੁੰਚਦੀਆਂ ਹਨ ਅਤੇ ਸਾਡੇ ਕੰਮ ਹੋ ਜਾਂਦੇ ਹਨ।" ਬਹੁਤ ਸਾਰੇ ਮੁਸਲਮਾਨ ਵੀ ਉਸਦੀ ਇੱਜ਼ਤ ਕਰਦੇ ਸਨ। ਇੱਕ ਦਿਨ ਮੇਰਾ ਇੱਕ ਟਿੱਲੇ 'ਤੇ ਗੁਜਰ ਹੋਇਆ। ਦੇਖਿਆ ਉਹ ਸ਼ਖਸ ਸਾਹਮਣੇ ਇੱਕ ਬੁੱਤ ਰੱਖ ਕੇ ਸਿਜਦੇ ਦੀ ਹਾਲਤ ਵਿੱਚ ਕੁੱਝ ਪੜ੍ਹ ਰਿਹਾ ਹੈ। ਦੂਜੇ ਦਿਨ ਦਰਬਾਰ ਵਿੱਚ ਮੁਲਾਕਾਤ ਹੋਈ। ਮੈਂ ਕਿਹਾ, "ਤੇਰੇ ਜੈਸੇ ਰੌਸ਼ਨ ਜ਼ਮੀਰ ਦਾ ਮਿੱਟੀ ਦੇ ਬੁੱਤ ਨੂੰ ਪੂਜਣਾ ਮੇਰੀ ਸਮਝ ਤੋਂ ਬਾਹਰ ਹੈ।" ਉਸ ਨੇ ਜਵਾਬ ਦਿੱਤਾ, "ਮੈਂ ਵੀ ਇਸ ਨੂੰ ਕੋਈ ਰੱਬ ਨਹੀਂ ਸਮਝਦਾ। ਪਰ ਮੇਰਾ ਅਕੀਦਾ ਹੈ ਤੇ ਤੁਹਾਡੀਆਂ ਕਿਤਾਬਾਂ ਵਿੱਚ ਵੀ ਲਿਖਿਆ ਹੈ ਕਿ ਅੱਲਾਹ ਨੇ ਇਨਸਾਨ ਨੂੰ ਆਪਣੀ ਸੂਰਤ ਪਰ ਬਣਾਇਆ। ਇਸ ਵਜਾਹ ਨਾਲ ਵੱਖ-ਵੱਖ ਸੂਰਤਾਂ ਬਣਾ ਕੇ ਪੂਜਦਾ ਹਾਂ। ਪਤਾ ਨਹੀਂ ਕਿਹੜੀ ਸੂਰਤ ਰੱਬ ਨਾਲ ਮਿਲ ਜਾਵੇ।" ਉਸ ਨੇ ਕਿਹਾ, "ਤੂੰ ਵੀ ਰੌਸ਼ਨ ਜ਼ਮੀਰ ਹੈ ਦੱਸ ਕਿ ਅੱਲਾਹ ਦੀ ਸੂਰਤ ਕੈਸੀ ਹੈ ਅਤੇ ਕਿਸ ਬੁੱਤ ਨਾਲ ਮਿਲਦੀ ਹੈ? ਤਾਂ ਕਿ ਮੈਂ ਉਸ ਨੂੰ ਮਨ ਵਿੱਚ ਵਸਾ ਸਕਾਂ।"

ਮੇਰੀ ਉਮਰ ਕੋਈ ਸੋਲਾਂ-ਸਤਾਰਾਂ ਦੇ ਲਗਭਗ ਸੀ। ਆਪਣੇ ਖਾਨਦਾਨੀ ਬਜ਼ੁਰਗ ਬਾਬਾ ਗੌਹਰ ਅਲੀ ਸ਼ਾਹ ਦੇ ਦਰਬਾਰ 'ਤੇ ਇੱਕ ਦਿਨ ਸੂਰਤ ਮਜ਼ੰਮਲ ਦੀ ਤਿਲਾਵਤ ਕਰ ਰਿਹਾ ਸੀ। ਉਸ ਵੇਲੇ ਇੱਕ ਲੰਬੇ ਕੱਦ ਦਾ ਆਦਮੀ ਫਕੀਰੀ ਭੇਸ ਵਿੱਚ ਮੇਰੇ ਸਾਹਮਣੇ ਆਇਆ ਅਤੇ ਕਹਿਣ ਲੱਗਿਆ, "ਖਾਹਮਖਾਹ ਚਨੇ ਚਬਾ ਰਿਹਾ ਹੈ।" ਬਜ਼ੁਰਗ ਸੀ, ਮੈਂ ਖਾਮੋਸ਼ ਰਿਹਾ। ਲੇਕਿਨ ਦਿਲ ਵਿੱਚ ਇਹੀ ਸੀ ਕਿ ਇਹ ਜ਼ਰੂਰ ਕੋਈ ਸ਼ੈਤਾਨ ਹੈ, ਜੋ ਮੈਨੂੰ ਤਲਾਵਤ ਤੋਂ ਰੋਕ ਰਿਹਾ ਹੈ। ਸਮਾਂ ਲੰਘਣ ਤੋਂ ਬਾਅਦ ਜ਼ਿਕਰ ਜਾਰੀ ਹੋਇਆ ਤਾਂ ਮੇਰੀ ਉਮਰ ਪੈਂਤੀ (35) ਸਾਲ ਦੇ ਨੇੜੇ ਸੀ। ਦੱਸੇ ਹੋਏ ਤਰੀਕੇ ਨਾਲ ਜ਼ੁਬਾਨ ਤੋਂ ਸੂਰਤ ਮਜ਼ੰਮਲ ਦੀ ਆਇਤ ਪੜ੍ਹਦਾ ਫਿਰ ਖਾਮੋਸ਼ ਹੋ ਜਾਂਦਾ ਕਿ ਦਿਲ ਪੜ੍ਹੇ, ਫਿਰ ਦਿਲ ਨਾਲ ਇਸੇ ਆਇਤ ਦੀ ਆਵਾਜ਼ ਆਉਂਦੀ। ਇੱਕ ਦਿਨ ਇਸੇ ਮਸ਼ਕ ਵਿੱਚ ਮਗਨ ਅਤੇ ਮਸਰੂਰ ਸੀ ਕਿ ਫਿਰ ਉਹੀ ਸ਼ਖਸ ਉਸੇ ਭੇਸ ਵਿੱਚ ਜ਼ਾਹਿਰ ਹੋਇਆ ਅਤੇ ਕਹਿਣ ਲੱਗਿਆ, "ਹੁਣ ਤੂੰ ਕੁਰਆਨ ਪੜ੍ਹ ਰਿਹਾ ਏਂ। ਜਦੋਂ ਤੱਕ ਦਵਾਈ ਪੇਟ ਅੰਦਰ ਨਾ ਜਾਵੇ, ਤਕਲੀਫ ਦੂਰ ਨਹੀਂ ਹੁੰਦੀ। ਜਦੋਂ ਤੱਕ ਕਲਾਮ ਇਲਾਹੀ ਦਿਲ ਵਿੱਚ ਨਾ ਉੱਤਰੇ ਕੋਈ ਬਾਤ ਨਹੀਂ ਬਣਦੀ।" ਉਸ ਨੇ ਸ਼ੇਅਰ ਸੁਣਾਇਆ :-

ਜ਼ੁਬਾਨੀ ਕਲਮਾਂ ਹਰ ਕੋਈ ਪੜ੍ਹਦਾ, ਦਿਲ ਦਾ ਪੜ੍ਹਦਾ ਕੋਈ ਹੂ,
ਦਿਲ ਦਾ ਕਲਮਾਂ ਆਸ਼ਿਕ ਪੜ੍ਹਦੇ, ਕੀ ਜਾਨਣ ਯਾਰ ਗਲੋਈ ਹੂ।

ਦਾਤਾ ਦਰਬਾਰ ਦੀ ਮਸਜਿਦ ਵਿੱਚ ਜਦੋਂ ਨਮਾਜ਼ ਤੋਂ ਫਾਰਗ ਹੋਇਆ, ਦੇਖਿਆ ਉਮਰ ਰਸੀਦਾ ਸ਼ਖਸ ਨਮਾਜ਼ੀਆਂ ਦੀਆਂ ਜੁੱਤੀਆਂ ਸਿੱਧੀਆਂ ਕਰ ਰਿਹਾ ਹੈ। ਮੈਂ ਵੀ ਇਹ ਮਹਿਸੂਸ ਕੀਤਾ ਕਿ ਸਿਵਾਏ ਜੁੱਤੀਆਂ ਸਿੱਧੀਆਂ ਕਰਨ ਦੇ ਉਸ ਨੇ

ਕੋਈ ਨਮਾਜ਼ ਨਹੀਂ ਪੜ੍ਹੀ ਕਿਉਂਕਿ ਮੈਂ ਪਿਛਲੀ ਸਫ਼ ਵਿੱਚ ਸੀ। ਜਾਂਦੇ ਹੋਏ ਮੈਂ ਕਿਹਾ, "ਆਪ ਨੇ ਨਮਾਜ਼ ਤਾਂ ਨਹੀਂ ਪੜ੍ਹੀ, ਇਹਨਾਂ ਜੁੱਤੀਆਂ ਤੋਂ ਆਪ ਨੂੰ ਕੀ ਮਿਲੇਗਾ?" ਕਹਿਣ ਲੱਗਿਆ, "ਨਮਾਜ਼ ਤਾਂ ਉਮਰ ਭਰ ਨਹੀਂ ਪੜ੍ਹੀ, ਹੁਣ ਬੁਢਾਪੇ ਵਿੱਚ ਨਮਾਜ਼ ਤੋਂ ਬਖਸ਼ਿਸ ਦੀ ਕੀ ਉਮੀਦ ਰੱਖਾਂ? ਬਸ! ਇੱਕ ਉਮੀਦ ਪਰ ਕਾਇਮ ਹਾਂ ਕਿ ਇਤਨੇ ਲੋਕਾਂ ਵਿੱਚੋਂ ਕੋਈ ਇੱਕ ਤਾਂ ਰੱਬ ਦਾ ਦੋਸਤ ਹੋਵੇਗਾ। ਸ਼ਾਇਦ, ਇਸ ਅਦਾ ਨਾਲ ਹੀ ਉਹ ਜਾਂ ਉਸ ਦਾ ਯਾਰ ਖੁਸ਼ ਹੋ ਜਾਵੇ।" ਮੈਂ ਕਿਹਾ, "ਨਮਾਜ਼ ਤੋਂ ਵਧ ਕੇ ਹੋਰ ਕੋਈ ਅਦਾ ਨਹੀਂ।" ਕਹਿਣ ਲੱਗਿਆ, "ਯਾਰ ਤੋਂ ਵਧ ਕੋਈ ਚੀਜ਼ ਨਹੀਂ। ਅਗਰ ਉਹ ਰਾਜ਼ੀ ਹੋ ਜਾਵੇ।" ਤਿੰਨ ਸਾਲ ਦੀ ਚਿੱਲਾ ਕਸ਼ੀ ਦੇ ਬਾਅਦ ਇੱਕ ਦਿਨ ਮਹਿਫਿਲੇ ਹਜ਼ੂਰੀ ਨਸੀਬ ਹੋਈ। ਦੇਖਿਆ ਉਹੀ ਸ਼ਖਸ ਯਾਰ ਦੇ ਕਦਮਾਂ ਵਿੱਚ ਸੀ। ਫਿਰ ਇਹ ਸ਼ੇਅਰ ਆਇਆ ਕਿ :-

ਗੁਨਾਹਗਾਰ ਪਹੁੰਚੇ ਦਰੇ ਪਾਕ ਪਰ..., ਜ਼ਾਹਿਦ, ਪਾਰਸਾ ਦੇਖਦੇ ਰਹਿ ਗਏ।

## ਹਜ਼ਰਤ ਰਿਆਜ਼ ਅਹਿਮਦ ਗੌਹਰ ਸ਼ਾਹੀ ਦੀ ਸ਼ਖਸੀ ਜਾਣ-ਪਹਿਚਾਣ

25 ਨਵੰਬਰ 1941 ਨੂੰ ਬਰ ਸਗੀਰ ਦੇ ਇੱਕ ਛੋਟੇ ਜਿਹੇ ਪਿੰਡ ਢੋਕ ਗੌਹਰ ਸ਼ਾਹ ਜ਼ਿਲ੍ਹਾ ਰਾਵਲਪਿੰਡੀ ਵਿੱਚ ਪੈਦਾ ਹੋਏ। ਆਪ ਦੀ ਮਾਤਾ ਮਾਜਦਾ ਫਾਤਮੀ ਹਨ। ਯਾਨੀ ਸਾਦਾਤ ਖਾਨਦਾਨ ਸੱਈਯਦ ਗੌਹਰ ਅਲੀ ਸ਼ਾਹ ਦੇ ਪੋਤਿਆਂ ਵਿੱਚੋਂ ਹਨ। ਜਦੋਂਕਿ ਪਿਤਾ ਗਰਾਮੀ ਸੱਈਯਦ ਗੌਹਰ ਅਲੀ ਸ਼ਾਹ ਦੇ ਦੋਹਤਿਆਂ ਵਿੱਚੋਂ ਹਨ। ਦਾਦਾ ਮੁਗਲੀਆ ਖਾਨਦਾਨ ਨਾਲ ਤਾਅਲੁੱਕ ਰੱਖਦੇ ਹਨ। ਬਚਪਨ ਤੋਂ ਹੀ ਆਪ ਦਾ ਰੁਖ ਔਲੀਆਏ ਇਕਰਾਮ ਦੇ ਦਰਬਾਰਾਂ ਦੇ ਵੱਲ ਸੀ। ਆਪ ਦੇ ਪਿਤਾ ਗਰਾਮੀ ਫਰਮਾਉਂਦੇ ਹਨ ਕਿ ਗੌਹਰ ਸ਼ਾਹੀ ਪੰਜ ਜਾਂ ਛੇ ਸਾਲ ਦੀ ਉਮਰ ਤੋਂ ਹੀ ਗੈਬ ਹੋ ਜਾਂਦੇ ਅਤੇ ਅਸੀਂ ਜਦੋਂ ਉਨ੍ਹਾਂ ਨੂੰ ਲੱਭਣ ਲਈ ਨਿਕਲਦੇ ਤਾਂ ਇਨ੍ਹਾਂ ਨੂੰ ਨਿਜ਼ਾਮੁਦੀਨ ਰਹਿ. ਔਲੀਆ (ਨਵੀਂ ਦਿੱਲੀ) ਦੇ ਮਜ਼ਾਰ ’ਤੇ ਬੈਠਾ ਹੋਇਆ ਦੇਖਦੇ। ਮੈਨੂੰ ਕਈ ਵਾਰੀ ਐਸਾ ਮਹਿਸੂਸ ਹੋਇਆ ਕਿ ਜਿਵੇਂ ਇਹ ਨਿਜ਼ਾਮੁਦੀਨ ਔਲੀਆ ਨਾਲ ਗੱਲਾਂ ਕਰ ਰਹੇ ਹਨ। ਇਹ ਉਸ ਵੇਲੇ ਦਾ ਵਾਕਿਆ ਹੈ ਜਦੋਂ ਹਜ਼ਰਤ ਗੌਹਰ ਸ਼ਾਹੀ ਦੇ ਪਿਤਾ ਗਰਾਮੀ ਨੌਕਰੀ ਦੇ ਸਿਲਸਲੇ ਵਿੱਚ ਦਿੱਲੀ ਵਿੱਚ ਰਹਿੰਦੇ ਸਨ। 1997 ਵਿੱਚ ਜਦੋਂ ਗੌਹਰ ਸ਼ਾਹੀ ਇੰਡੀਆ ਤਸ਼ਰੀਫ ਲੈ ਗਏ ਤਾਂ ਨਿਜ਼ਾਮੁਦੀਨ ਔਲੀਆ ਰਹਿ. ਦਰਬਾਰ ਦੇ ਸਜਾਦਾ ਨਸ਼ੀਨ ਇਸਲਾਮੁਦੀਨ ਨਿਜ਼ਾਮੀ ਨੇ ਨਿਜ਼ਾਮੁਦੀਨ ਔਲੀਆ ਰਹਿ. ਦੇ ਇਸ਼ਾਰੇ ’ਤੇ ਇਹਨਾਂ ਨੂੰ ਦਰਬਾਰ ਦੇ ਸਾਹਮਣੇ ਪਗੜੀ ਪਹਿਨਾਈ ਸੀ।

ਬਚਪਨ ਤੋਂ ਹੀ ਜੋ ਬਾਤ ਕਹਿੰਦੇ ਉਹ ਪੂਰੀ ਹੁੰਦੀ। ਇਸ ਵਜਾਹ ਨਾਲ ਮੈਂ ਉਹਨਾਂ ਦੀ ਹਰ ਜਾਇਜ਼ ਜ਼ਿੱਦ ਨੂੰ ਪੂਰਾ ਕਰਦਾ। ਆਪਦੇ ਪਿਤਾ ਗਰਾਮੀ ਮਜੀਦ ਫਰਮਾਉਂਦੇ ਹਨ ਕਿ “ਗੌਹਰ ਸ਼ਾਹੀ ਹਸਬੇ ਮਾਮੂਲ ਰੋਜ਼ਾਨਾ ਸੁਬਹਾ (Lawn) ਵਿੱਚ ਆਉਂਦੇ ਹਨ ਤਾਂ ਮੈਂ ਉਨ੍ਹਾਂ ਦੇ ਆਉਣ ’ਤੇ ਅਹਿਤਰਾਮ ਵਿੱਚ ਖੜ੍ਹਾ ਹੋ ਜਾਂਦਾ ਹਾਂ।” ਇਸ ਬਾਤ ਪਰ ਗੌਹਰ ਸ਼ਾਹੀ ਮੇਰੇ ਨਾਲ ਨਾਰਾਜ਼ ਹੋ ਜਾਂਦੇ ਹਨ ਅਤੇ ਕਹਿੰਦੇ ਹਨ ਕਿ “ਮੈਂ ਆਪ ਦਾ ਬੇਟਾ ਹਾਂ, ਮੈਨੂੰ ਸ਼ਰਮ ਆਉਂਦੀ ਹੈ। ਆਪ ਇਸ ਤਰ੍ਹਾਂ ਨਾ ਖੜ੍ਹੇ ਹੋਇਆ ਕਰੋ।” ਲੇਕਿਨ ਮੇਰਾ ਬਾਰ–ਬਾਰ ਇਹੀ ਜਵਾਬ ਹੁੰਦਾ ਕਿ ਮੈਂ ਆਪ ਦੇ ਲਈ ਨਹੀਂ ਬਲਕਿ ਜੋ ਅੱਲਾਹ ਆਪ ਵਿੱਚ ਵਸ ਰਿਹਾ ਹੈ, ਉਸ ਦੇ ਅਹਿਤਰਾਮ ਵਿੱਚ ਖੜ੍ਹਾ ਹੁੰਦਾ ਹਾਂ। ਮੋੜਾ ਨੂਰੀ ਪ੍ਰਾਇਮਰੀ ਸਕੂਲ ਦੇ ਮਾਸਟਰ ਅਮੀਰ ਹੁਸੈਨ ਕਹਿੰਦੇ ਹਨ, “ਮੈਂ ਇਲਾਕੇ ਵਿੱਚ ਬਹੁਤ ਸਖਤ ਉਸਤਾਦ ਮਸ਼ਹੂਰ ਸੀ। ਸ਼ੁਰੂ ਵਿੱਚ ਬੱਚਿਆਂ ਨੂੰ ਮਾਰਦਾ ਅਤੇ ਉਹਨਾਂ ਦੀ ਸ਼ਰਾਰਤ ਇਹ ਸੀ ਕਿ ਇਹ ਸਕੂਲ ਦੇਰ ਤੋਂ ਆਉਂਦੇ ਸਨ ਅਤੇ ਜਦੋਂ ਮੈਂ ਗੁੱਸੇ ਵਿੱਚ ਇਹ ਨੂੰ ਮਾਰਨ ਲੱਗਦਾ ਤਾਂ ਮੈਨੂੰ ਐਸਾ ਮਹਿਸੂਸ ਹੁੰਦਾ ਜਿਵੇਂ ਕਿਸੇ ਨੇ ਮੇਰਾ ਡੰਡਾ ਪਕੜ ਲਿਆ ਹੋਵੇ ਅਤੇ ਇਸ ਤਰ੍ਹਾਂ ਮੈਨੂੰ ਹਾਸਾ ਆ ਜਾਂਦਾ ਸੀ।”

**ਹਜ਼ਰਤ ਗੌਹਰ ਸ਼ਾਹੀ ਦੀ ਬਿਰਾਦਰੀ ਅਤੇ ਦੋਸਤਾਂ ਦੇ ਅਸਰ :**

ਅਸੀਂ ਕਦੇ ਵੀ ਇਸ ਨੂੰ ਕਿਸੇ ਨਾਲ ਲੜਦੇ-ਝਗੜਦੇ ਜਾਂ ਕਿਸੇ ਨੂੰ ਮਾਰਦੇ-ਕੁੱਟਦੇ ਨਹੀਂ ਦੇਖਿਆ। ਬਲਕਿ ਕੋਈ ਦੋਸਤ ਅਗਰ ਗੁੱਸਾ ਕਰਦਾ ਜਾਂ ਇਹਨਾਂ ਨੂੰ ਮਾਰਨ ਦੇ ਲਈ ਆਉਂਦਾ ਤਾਂ ਇਹ ਹੱਸ ਪੈਂਦੇ।

**ਹਜ਼ਰਤ ਗੌਹਰ ਸ਼ਾਹੀ ਦੀ ਪਤਨੀ ਮੁਹਤਰਮਾ ਕਹਿੰਦੀ ਹੈ :**

ਅੱਵਲ ਤਾਂ ਇਹਨਾਂ ਨੂੰ ਗੁੱਸਾ ਆਉਂਦਾ ਹੀ ਨਹੀਂ ਅਤੇ ਅਗਰ ਕਦੇ ਗੁੱਸਾ ਆਉਂਦਾ ਹੈ ਤਾਂ ਬਹੁਤ ਹੀ ਜ਼ਿਆਦਾ ਹੁੰਦਾ ਹੈ ਅਤੇ ਉਹ ਵੀ ਕਿਸੇ ਬੇਹੂਦਾ ਬਾਤ ’ਤੇ। ਹਜ਼ਰਤ ਗੌਹਰ ਸ਼ਾਹੀ ਦੀ ਸ਼ਖਾਵਤ ਦੇ ਬਾਰੇ ਵਿੱਚ ਕਹਿੰਦੀ ਹੈ, “ਸੁਬਹਾ ਜਦੋਂ ਆਪਣੇ ਕਮਰੇ ਤੋਂ ਖੁੱਲ੍ਹੇ ਵਿੱਚ ਜਾਂਦੇ ਹਨ ਤਾਂ ਜੇਬ ਭਰੀ ਹੁੰਦੀ ਹੈ ਅਤੇ ਵਾਪਸ ਮੁੜਦੇ ਤਾਂ ਜੇਬ ਖਾਲੀ ਹੋ ਜਾਂਦੀ ਹੈ। ਸਾਰਾ ਪੈਸਾ ਜ਼ਰੂਰਤਮੰਦਾਂ ਨੂੰ ਦੇ ਆਉਂਦੇ ਹਨ ਅਤੇ ਫਿਰ ਜਦੋਂ ਮੈਨੂੰ ਪੈਸਿਆਂ ਦੀ ਜ਼ਰੂਰਤ ਪੈਂਦੀ ਹੈ ਤਾਂ ਮੂੰਹ ਬਣਾ ਲੈਂਦੇ ਹਨ ਅਤੇ ਇਸ ਤਰ੍ਹਾਂ ਮੈਨੂੰ ਗੁੱਸਾ ਆਉਂਦਾ ਹੈ। ਫਿਰ ਮਾਸੂਮ ਜਿਹਾ ਚਿਹਰਾ ਦੇਖ ਕੇ ਸ਼ੇਅਰ ਪੜ੍ਹਦੀ ਹਾਂ” :

ਦਿਲ ਦੇ ਬੜੇ ਸ਼ਖੀ ਹੈਂ... ਬੈਠੇ ਹੈਂ ਧਨ ਲੁਟਾ ਕੇ।

**ਹਜ਼ਰਤ ਗੌਹਰ ਸ਼ਾਹੀ ਦੇ ਸਾਹਿਬਜ਼ਾਦਿਆਂ ਦੇ ਇਹਨਾਂ ਬਾਰੇ ਤਾਸ਼ਰਾਤ :**

ਅੱਬੂ ਸਾਡੇ ਨਾਲ ਪਿਆਰ ਵੀ ਬਹੁਤ ਕਰਦੇ ਹਨ ਅਤੇ ਖਿਆਲ ਵੀ ਬਹੁਤ ਰੱਖਦੇ ਹਨ। ਅਸੀਂ ਜਦੋਂ ਇਹਨਾਂ ਤੋਂ ਪੈਸੇ ਮੰਗਦੇ ਹਾਂ ਤਾਂ ਉਹ ਬਹੁਤ ਘੱਟ ਦਿੰਦੇ ਹਲ ਅਤੇ ਕਹਿੰਦੇ ਹਨ ਕਿ “ਤੁਸੀਂ ਫਜ਼ੂਲ ਖਰਚੀ ਕਰੋਗੇ।” ਤਾਂ ਅਸੀਂ ਕਹਿੰਦੇ ਹਾਂ ਕਿ “ਜਾਂ ਤਾਂ ਸਾਨੂੰ ਵੀ ਫਕੀਰ ਬਣਾ ਦੋ ਜਾਂ ਸਾਨੂੰ ਪੈਸੇ ਦੇਵੋ।”

**ਹਜ਼ਰਤ ਗੌਹਰ ਸ਼ਾਹੀ ਦੀ ਮਾਤਾ ਮਾਜਦਾ ਦੇ ਇਹਨਾਂ ਦੇ ਬਾਰੇ ਵਿੱਚ ਤਾਸ਼ਰਾਤ :**

ਬਚਪਨ ਵਿੱਚ ਕਦੇ ਸਕੂਲ ਨਾ ਜਾਂਦਾ ਜਾਂ ਜਵਾਨੀ ਵਿੱਚ ਕਾਰੋਬਾਰ ਵੇਲੇ ਕਦੇ ਨੁਕਸਾਨ ਹੋ ਜਾਂਦਾ ਤਾਂ ਮੈਂ ਉਸ ਦੀ ਸਰਸੰਸ ਕਰਦੀ, ਲੇਕਿਨ ਉਹਨਾਂ ਨੈ ਕਦੇ ਵੀ ਮੇਨੂੰ ਸਿਰ ਉਠਾ ਕੇ ਜਵਾਬ ਨਹੀਂ ਦਿੱਤਾ। ਜਦੋਂ ਮੇਰੇ ਬਜ਼ੁਰਗ ਕੱਕਾਮੀਆਂ ਢੋਕ ਸ਼ਮਸ ਵਾਲੇ ਕਿਹਾ ਕਰਦੇ ਸਨ ਕਿ “ਰਿਆਜ਼ ਨੂੰ ਗਾਲ਼ਾਂ ਮੱਤ ਦਿਆ ਕਰ ਜੋ ਕੁੱਝ ਮੈਂ ਇਸ ਦੇ ਵਿੱਚ ਦੇਖਦਾ ਹਾਂ, ਤੈਨੂੰ ਪਤਾ ਨਹੀਂ।” ਇਨਸਾਨੀ ਹਮਦਰਦੀ ਇਤਨੀ ਕਿ ਅਗਰ ਰਿਆਜ਼ ਨੂੰ ਪਤਾ ਲੱਗ ਜਾਂਦਾ ਕਿ ਅੱਠ-ਦਸ ਮੀਲ ਦੇ ਫਾਸਲੇ ਪਰ ਕੋਈ ਬੱਸ ਖਰਾਬ ਹੋ ਗਈ ਹੈ ਤਾਂ ਉਹਨਾਂ ਲੋਕਾਂ ਦੇ ਲਈ ਖਾਣਾ ਬਣਵਾ ਕੇ ਸਾਈਕਲ ’ਤੇ ਉਹਨਾਂ ਨੂੰ ਦੇਣ ਜਾਂਦੇ।

**ਹਜ਼ਰਤ ਗੌਹਰ ਸ਼ਾਹੀ ਦੇ ਇੱਕ ਨੇੜੇ ਦੇ ਦੋਸਤ ਮੁਹੰਮਦ ਇਕਬਾਲ ਮੁਕੀਮ ਫਜ਼ੂਲੀਆਂ :**

ਹਜ਼ਰਤ ਇਕਬਾਲ ਕਹਿੰਦੇ ਹਨ ਕਿ ਬਾਰਸ਼ ਦੇ ਮੌਸਮ ਵਿੱਚ ਕਦੇ-ਕਦੇ ਜਦੋਂ ਖੇਤਾਂ ਦੀ ਪਗਡੰਡੀ ਤੋਂ ਲੰਘਦੇ ਤਾਂ ਬਹੁਤ ਸਾਰੇ ਕੀੜੇ ਲਾਈਨੋ-ਲਾਈਨ ਉਸ ਪਗਡੰਡੀ ’ਤੇ ਜਾ ਰਹੇ ਹੁੰਦੇ। ਅਸੀਂ ਲੋਕ ਪਗਡੰਡੀ ’ਤੇ ਚੱਲ ਪੈਂਦੇ ਅਤੇ ਕੀੜੇ-

ਮਕੌੜਿਆਂ ਦਾ ਖਿਆਲ ਨਹੀਂ ਕਰਦੇ, ਪ੍ਰੰਤੂ ਇਹ ਪਗਡੰਡੀ ਤੋਂ ਪਰ੍ਹੇ ਹਟ ਕੇ ਚਿੱਕੜ ਵਿੱਚ ਚੱਲਦੇ ਤਾਂ ਕਿ ਕੀੜਿਆਂ ਨੂੰ ਤਕਲੀਫ ਨਾ ਹੋਵੇ। ਜਦੋਂ ਇਹਨਾਂ 'ਤੇ ਕਤਲ ਦਾ ਝੂਠਾ ਕੇਸ ਪਾਇਆ ਗਿਆ ਤਾਂ ਕ੍ਰਾਈਮ ਬ੍ਰਾਂਚ ਦੇ ਕੱਦੂਸ ਸ਼ੇਖ ਇਨਕੁਆਰੀ ਦੇ ਲਈ ਆਏ, ਮੁਹੱਲੇ ਵਾਲਿਆਂ ਨੇ ਉਹਨਾਂ ਨੂੰ ਦੱਸਿਆ ਕਿ ਸਾਡੀ ਨਜ਼ਰ ਵਿੱਚ ਤਾਂ ਗੌਹਰ ਸ਼ਾਹੀ ਨੇ ਕਦੇ ਮੱਛਰ ਵੀ ਨਹੀਂ ਮਾਰਿਆ ਹੋਵੇਗਾ, ਕਿੱਥੇ ਇੱਕ ਇਨਸਾਨ ਦਾ ਕਤਲ।

**ਹਜ਼ਰਤ ਗੌਹਰ ਸ਼ਾਹੀ ਅਤੇ ਉਹਨਾਂ ਦੀ ਮਮਾਨੀ** :

ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਮੈਂ ਅੱਠਵੀਂ ਜਮਾਤ ਵਿੱਚ ਪੜ੍ਹਦਾ ਸੀ। ਇੱਕ ਵਾਰੀ ਮਮਾਨੀ (ਜੋ ਕਿ ਜ਼ਾਹਿਦ, ਪਾਰਸਾ ਅਤੇ ਇਬਾਦਤ ਗੁਜ਼ਾਰ ਸੀ, ਲੇਕਿਨ ਹਿਰਸ ਤੇ ਹਸਦ ਵਿੱਚ ਵੀ ਫਸੀ ਹੋਈ ਜੋ ਕਿ ਅਕਸਰ ਇਬਾਦਤ ਗੁਜ਼ਾਰਾਂ ਵਿੱਚ ਹੁੰਦਾ) ਨੇ ਕਿਹਾ ਕਿ ਤੇਰੇ ਵਿੱਚ ਹੋਰ ਸਭ ਕੁੱਝ ਠੀਕ ਹੈ, ਪ੍ਰੰਤੂ ਤੂੰ ਨਮਾਜ਼ ਨਹੀਂ ਪੜ੍ਹਦਾ। ਮੈਂ ਜਵਾਬ ਦਿੱਤਾ ਕਿ "ਨਮਾਜ਼ ਰੱਬ ਦਾ ਤੋਹਫਾ ਹੈ। ਜਦੋਂ ਕਦੇ ਵੀ ਨਮਾਜ਼ ਪੜ੍ਹਾਂਗਾ ਤਾਂ ਸਹੀ ਨਮਾਜ਼ ਪੜ੍ਹਾਂਗਾ। ਤੁਸੀਂ ਲੋਕਾਂ ਦੀ ਤਰ੍ਹਾਂ ਨਹੀਂ ਕਿ ਨਮਾਜ਼ ਵੀ ਪੜ੍ਹਦੇ ਹੋ ਤੇ ਨਿੰਦਿਆ, ਚੁਗਲੀ, ਤੁਹਮਤ ਵਰਗੇ ਵੱਡੇ ਗੁਨਾਹ ਵੀ ਕਰਦੇ ਹੋ।"

**ਹਜ਼ਰਤ ਗੌਹਰ ਸ਼ਾਹੀ ਆਪਣੇ ਬਚਪਨ ਦੇ ਹਾਲਾਤ ਬਿਆਨ ਕਰਦੇ ਹਨ** :

ਦਸ-ਬਾਰਾਂ ਸਾਲ ਦੀ ਉਮਰ ਤੋਂ ਹੀ ਖੁਵਾਬ ਵਿੱਚ ਰੱਬ ਨਾਲ ਬਾਤਾਂ ਹੁੰਦੀਆਂ ਸਨ। ਬੈਤੁਲ ਮਾਮੂਰ ਨਜ਼ਰ ਆਉਂਦਾ ਸੀ। ਲੇਕਿਨ ਮੈਨੂੰ ਉਸ ਦੀ ਹਕੀਕਤ ਦਾ ਪਤਾ ਨਹੀਂ ਸੀ। ਚਿੱਲਾ ਕਸ਼ੀ ਦੇ ਬਾਅਦ ਜਦੋਂ ਉਹੀ ਬਾਤਾਂ ਅਤੇ ਉਹੀ (ਮੰਜਰ) ਨਜ਼ਾਰੇ ਸਾਹਮਣੇ ਆਏ ਤਾਂ ਹਕੀਕਤ ਸਾਹਮਣੇ ਆਈ। ਇੱਕ ਵਾਰੀ ਦਾ ਜ਼ਿਕਰ ਹੈ ਕਿ ਮੇਰਾ ਇੱਕ ਮਾਮਾ ਜੋ ਕਿ ਫੌਜ ਵਿੱਚ ਨੌਕਰ ਸੀ। ਉਹ ਰੰਡੀਆਂ ਦੇ ਕੋਠੇ 'ਤੇ ਜਾਇਆ ਕਰਦਾ ਸੀ। ਘਰ ਵਾਲਿਆਂ ਦੇ ਮਨ੍ਹਾਂ ਕਰਨ ਦੀ ਵਜਾਹ ਨਾਲ ਉਹ ਮੈਨੂੰ ਆਪਣੇ ਸਾਥ ਲੈ ਜਾਂਦਾ ਤਾਂ ਕਿ ਘਰ ਵਾਲਿਆਂ ਨੂੰ ਸ਼ੱਕ ਨਾ ਹੋਵੇ। ਮੈਨੂੰ ਚਾਹ ਅਤੇ ਬਿਸਕੁਟ ਖਾਣ ਲਈ ਦਿੰਦਾ ਅਤੇ ਖੁਦ ਅੰਦਰ ਚਲਿਆ ਜਾਂਦਾ। ਜਦੋਂਕਿ ਮੈਨੂੰ ਤਵਾਇਫਾਂ ਅਤੇ ਕੋਠਿਆਂ ਦੀ ਸਮਝ-ਬੂਝ ਨਹੀਂ ਸੀ। ਮਾਮਾ ਮੈਨੂੰ ਇਹੀ ਕਹਿੰਦਾ ਕਿ ਇਹ ਔਰਤਾਂ ਦਾ ਆਫਿਸ ਹੈ। ਕੁੱਝ ਦਿਨਾਂ ਬਾਅਦ ਮੇਰਾ ਦਿਲ ਇਸ ਜਗ੍ਹਾ ਤੋਂ ਪ੍ਰੇਸ਼ਾਨ ਹੋ ਗਿਆ ਤਾਂ ਮਾਮਾ ਨੇ ਕਿਹਾ ਕਿ ਇਹ ਔਰਤਾਂ ਹਨ ਅਤੇ ਅੱਲਾਹ ਨੇ ਇਹਨਾਂ ਨੂੰ ਇਸੇ ਕੰਮ ਵਾਸਤੇ ਹੀ ਬਣਾਇਆ ਹੈ। ਯਾਨੀ ਮੈਨੂੰ ਵੀ ਨਾਲ ਰਲਾਉਣ ਦੀ ਕੋਸ਼ਿਸ਼ ਕੀਤੀ। ਮਾਮਾ ਦੀਆਂ ਗੱਲਾਂ ਦਾ ਇਤਨਾ ਅਸਰ ਹੋਇਆ ਕਿ ਨਫਸ ਦੀ ਕਸਮਕਸ ਵਿੱਚ ਸਾਰੀ ਰਾਤ ਨਾ ਸੌਂ ਸਕਿਆ। ਫਿਰ ਅਚਾਨਕ ਅੱਖ ਲੱਗ ਗਈ। ਦੇਖਦਾ ਹਾਂ ਕਿ ਇੱਕ ਬੜਾ ਗੋਲ਼ ਚਬੂਤਰਾ ਹੈ, ਮੈਂ ਉਸ ਦੇ ਨੀਚੇ ਖੜ੍ਹਾ ਹਾਂ, ਉੱਪਰ ਤੋਂ ਕੜਕਵੀਂ ਕਿਸਮ ਦੀ ਆਵਾਜ਼ ਆਉਂਦੀ ਹੈ। "ਇਸ ਨੂੰ ਲਿਆਓ।" ਦੇਖਦਾ ਹਾਂ ਕਿ ਮਾਮਾ ਨੂੰ ਦੋ ਆਦਮੀ ਪਕੜ ਕੇ ਲਿਆ ਰਹੇ ਹਨ ਅਤੇ ਇਸ਼ਾਰਾ ਕਰਦੇ ਹਨ ਕਿ ਇਹ ਹੈ। ਫਿਰ ਆਵਾਜ਼ ਆਈ ਕਿ "ਇਸ ਨੂੰ ਗੁਰਜਾਂ ਨਾਲ ਮਾਰੋ।" ਤਾਂ ਉਸ ਨੂੰ ਮਾਰਦੇ ਹਨ। ਤਾਂ ਉਹ ਚੀਖਾਂ ਮਾਰਦਾ ਹੈ ਅਤੇ ਦਹਾੜਦਾ ਹੈ। ਚੀਖਦੇ-ਚੀਖਦੇ ਉਸ ਦੀ ਸ਼ਕਲ ਸੂਰ ਦੀ ਤਰ੍ਹਾਂ ਬਣ ਜਾਂਦੀ ਹੈ। ਫਿਰ ਆਵਾਜ਼

ਆਉਂਦੀ ਹੈ ਕਿ "ਤੂੰ ਵੀ ਇਸ ਦੇ ਸਾਥ ਜੇਕਰ ਸਾਮਲ ਹੋਇਆ ਤਾਂ ਤੇਰਾ ਵੀ ਇਹੀ ਹਾਲ ਹੋਵੇਗਾ।" ਫਿਰ ਮੈਂ ਤੌਬਾ-ਤੌਬਾ ਕਰਦਾ ਹਾਂ ਅਤੇ ਅੱਖਾਂ ਖੁੱਲ੍ਹਦੀਆਂ ਹਨ ਤਾਂ ਜ਼ੁਬਾਨ ਪਰ ਇਹੀ ਹੁੰਦਾ ਹੈ ਕਿ "ਯਾ ਰੱਬ ਮੇਰੀ ਤੌਬਾ" ਅਤੇ ਕਈ ਸਾਲ ਤੱਕ ਇਸ ਸੁਪਨੇ ਦਾ ਅਸਰ ਰਿਹਾ।

ਇਸ ਦੇ ਦੂਜੇ ਦਿਨ ਮੈਂ ਪਿੰਡ ਦੀ ਤਰਫ ਜਾ ਰਿਹਾ ਸੀ। ਬੱਸ ਵਿੱਚ ਸਵਾਰ ਸੀ। ਰਾਸਤੇ ਵਿੱਚ ਦੇਖਿਆ ਕੁੱਝ ਡਾਕੂ ਇੱਕ ਟੈਕਸੀ 'ਚੋਂ ਟੇਕ ਰਿਕਾਰਡਰ ਕੱਢਣ ਦੀ ਕੋਸ਼ਿਸ਼ ਕਰ ਰਹੇ ਸਨ। ਡਰਾਇਵਰ ਨੇ ਰੋਕਿਆ ਤਾਂ ਉਸ ਉੱਤੇ ਛੁਰੀਆਂ ਨਾਲ ਵਾਰ ਕਰ ਕੇ ਕਤਲ ਕਰ ਦਿੱਤਾ। ਇਹ ਮੰਜ਼ਰ ਦੇਖ ਕੇ ਮੇਰੀ ਬੱਸ ਉੱਥੇ ਰੁਕ ਗਈ। ਉਹ ਡਾਕੂ ਮੈਨੂੰ ਦੇਖ ਕੇ ਭੱਜ ਗਏ। ਡਰਾਇਵਰ ਨੇ ਤੜਫ ਕੇ ਮੇਰੇ ਸਾਹਮਣੇ ਜਾਨ ਦੇ ਦਿੱਤੀ। ਫਿਰ ਜਿਹਨ ਵਿੱਚ ਇਹੀ ਆਇਆ ਕਿ ਜ਼ਿੰਦਗੀ ਦਾ ਕੀ ਭਰੋਸਾ? ਰਾਤ ਨੂੰ ਸੌਣ ਲੱਗਿਆ ਤਾਂ ਅੰਦਰ ਤੋਂ ਇਹ ਸ਼ੇਅਰ ਗੂੰਜਣਾ ਸ਼ੁਰੂ ਹੋ ਗਏ :

ਕਰ ਸਾਰੀ ਖਤਾਏਂ ਮਾਫ ਮੇਰੀ... ਤੇਰੇ ਦਰ 'ਤੇ ਮੈਂ ਆਣ ਗਿਰਾ।

ਅਤੇ ਸਾਰੀ ਰਾਤ ਆਹ ਪੁਕਾਰ ਵਿੱਚ ਗੁਜ਼ਾਰੀ। ਉਸ ਵਾਕਿਆ ਦੇ ਕੁੱਝ ਦੇਰ ਬਾਅਦ ਮੈਂ ਦੁਨੀਆਂ ਛੱਡ ਕੇ ਜਾਮ ਦਾਤਾਰ ਰਹਿ. ਦੇ ਦਰਬਾਰ ਪਰ ਚਲਾ ਗਿਆ। ਪ੍ਰੰਤੂ ਉੱਥੇ ਤੋਂ ਵੀ ਕੋਈ ਮੰਜ਼ਿਲ ਨਾ ਮਿਲੀ ਅਤੇ ਮੇਰਾ ਬਹਿਨੋਈ ਮੈਨੂੰ ਉੱਥੋਂ ਵਾਪਸ ਦੁਨੀਆਂ ਵਿੱਚ ਲੈ ਆਇਆ। 34 ਸਾਲ ਦੀ ਉਮਰ ਵਿੱਚ ਬਰੀ ਇਮਾਮ ਰਹਿ. ਸਾਹਮਣੇ ਆਏ ਤੇ ਕਿਹਾ "ਹੁਣ ਤੇਰਾ ਵਕਤ ਹੈ ਦੁਬਾਰਾ ਜੰਗਲ ਜਾਣ ਦਾ।" ਤਿੰਨ ਸਾਲ ਚਿੱਲਾ ਕਸ਼ੀ ਦੇ ਬਾਅਦ ਜਦੋਂ ਕੁੱਝ ਹਾਸਿਲ ਹੋਇਆ ਤਾਂ ਦੁਬਾਰਾ ਜਾਮ ਦਾਤਾਰ ਦੇ ਦਰਬਾਰ ਗਿਆ ਸਾਹਿਬੇ ਮਜ਼ਾਰ ਸਾਹਮਣੇ ਆ ਗਏ। ਮੈਂ ਨੇ ਕਿਹਾ, "ਉਸ ਵਕਤ ਜੇਕਰ ਮੈਨੂੰ ਕਬੂਲ ਕਰ ਲਿਆ ਜਾਂਦਾ ਤਾਂ ਵਿਚਲੀ ਨਫਸਾਨੀ ਜ਼ਿੰਦਗੀ ਤੋਂ ਮਹਿਫੂਜ਼ ਰਹਿੰਦਾ।" ਉਹਨਾਂ ਨੇ ਜਵਾਬ ਦਿੱਤਾ, "ਉਸ ਵਕਤ ਤੇਰਾ ਵਕਤ ਨਹੀਂ ਸੀ।"

## ਹਜ਼ਰਤ ਗੌਹਰ ਸ਼ਾਹੀ ਦੀ ਬਾਤਨੀ ਸ਼ਖਸੀਅਤ ਦੀਆਂ ਕੁੱਝ ਸੱਚਾਈਆਂ

19 ਸਾਲ ਦੀ ਉਮਰ ਵਿੱਚ ਜੁੱਸਾ ਤੌਫੀਕ ਇਲਾਹੀ ਸਾਥ ਲਗਾ ਦਿੱਤਾ ਗਿਆ ਸੀ, ਜੋ ਇੱਕ ਸਾਲ ਤੱਕ ਰਿਹਾ। ਉਸ ਦੇ ਅਸਰ ਨਾਲ ਕੱਪੜੇ ਪਾੜ ਕੇ ਸਿਰਫ ਇੱਕ ਧੋਤੀ ਵਿੱਚ ਜਾਮ ਦਾਤਾਰ ਰਹਿ. ਦੇ ਜੰਗਲ ਵਿੱਚ ਚਲੇ ਗਏ ਸੀ। ਜਦੋਂ ਤੌਫੀਕ ਇਲਾਹੀ ਆਰਜ਼ੀ ਤੌਰ 'ਤੇ ਮਿਲਿਆ ਸੀ ਜੋ ਕਿ 14 ਸਾਲ ਗਾਇਬ ਰਿਹਾ ਅਤੇ ਫਿਰ 1975 ਵਿੱਚ ਦੁਬਾਰਾ ਸੀਹੂਨ ਸ਼ਰੀਫ ਦੇ ਜੰਗਲ ਵਿੱਚ ਲਿਆਉਦ ਦਾ ਸਬੱਬ ਵੀ ਇਹੀ ਜੁੱਸਾ ਤੌਫੀਕ ਇਲਾਹੀ ਸੀ।

25 ਸਾਲ ਦੀ ਉਮਰ ਵਿੱਚ ਜੁੱਸਾ ਗੌਹਰ ਸ਼ਾਹੀ ਨੂੰ ਬਾਤਨੀ ਲਸ਼ਕਰ ਦੇ ਸਾਲਾਰ ਦੀ ਹੈਸੀਅਤ ਨਾਲ ਨਿਵਾਜਿਆ ਗਿਆ ਜਿਸ ਦੀ ਵਜਾਹ ਨਾਲ ਅਬਲੀਸੀ ਲਸ਼ਕਰ ਅਤੇ ਦੁਨੀਆਵੀ ਸ਼ੈਤਾਨਾਂ ਦੇ ਫਰੇਬ ਤੋਂ (ਮਹਿਫੂਜ਼) ਸੁਰੱਖਿਅਤ ਰਹੇ।

ਜੁੱਸਾ ਤੌਫੀਕ ਇਲਾਹੀ ਅਤੇ ਤਿਫਲੇ ਨੂਰੀ ਰੂਹਾਂ, ਮਲਾਇਕਾ ਅਤੇ ਲਤੀਫਿਆਂ ਤੋਂ ਆਹਲਾ (Special) ਮਖਲੂਕਾਂ ਹਨ। ਇਹਨਾਂ ਦਾ ਤਾਅਲੁੱਕ ਮਲਾਇਕਾ ਦੀ ਤਰ੍ਹਾਂ ਬਰਾਹੇ ਰਾਸਤ ਰੱਬ ਨਾਲ ਹੈ ਅਤੇ ਉਹਨਾਂ ਦਾ ਮੁਕਾਮ ਮੁਕਾਮੇ ਆਹਦੀਅਤ ਹੈ।

35 ਸਾਲ ਦੀ ਉਮਰ ਵਿੱਚ 15 ਰਮਜ਼ਾਨ 1976 ਨੂੰ ਇੱਕ ਨੁਤਫਾ ਨੂਰ ਕਲਬ ਵਿੱਚ ਦਾਖਲ ਕੀਤਾ ਗਿਆ। ਕੁੱਝ ਅਰਸੇ ਬਾਅਦ ਤਾਲੀਮ, ਤਰਬੀਅਤ ਦੇ ਲਈ ਕਈ ਵੱਖ-ਵੱਖ ਮੁਕਾਮਾਂ ਪਰ ਬੁਲਾਇਆ ਗਿਆ। 15 ਰਮਜ਼ਾਨ 1985 ਵਿੱਚ ਜਦੋਂ ਆਪ ਦੁਨੀਆਵੀ ਡਿਊਟੀ ਪਰ ਹੈਦਰਾਬਾਦ ਮਾਮੂਰ ਹੋ ਚੁੱਕੇ ਸਨ, ਉਹੀ ਨੁਤਫਾ ਨੂਰ ਤਿਫਲੀ ਨੂਰੀ ਦੀ ਹੈਸੀਅਤ ਪਾ ਕੇ ਮੁਕੰਮਲ ਤੌਰ ਪਰ ਹਵਾਲੇ ਕਰ ਦਿੱਤਾ ਗਿਆ ਜਿਸ ਦੇ ਜ਼ਰੀਏ ਦਰਬਾਰੇ ਰਿਸਾਲਤ ਵਿੱਚ ਤਾਜੇ ਸੁਲਤਾਨੀ ਪਹਿਨਾਇਆ ਗਿਆ। ਤਿਫਲੇ ਨੂਰੀ ਨੂੰ ਬਾਰਾਂ ਸਾਲ ਦੇ ਬਾਅਦ ਮਰਤਬਾ ਅਤਾ ਹੁੰਦਾ ਹੈ ਲੇਕਿਨ ਦੁਨੀਆਵੀ ਡਿਊਟੀ ਦੀ ਵਜਾਹ ਨਾਲ ਇਹ ਮਰਤਬਾ 9 ਸਾਲ ਵਿੱਚ ਹੀ ਅਤਾ ਹੋ ਗਿਆ।

## ਜਸ਼ਨੇ ਸ਼ਾਹੀ ਮਨਾਉਣ ਦੀ ਵਜਾਹ

15 ਰਮਜ਼ਾਨ 1977 ਨੂੰ ਅੱਲਾਹ ਦੀ ਤਰਫ ਤੋਂ ਖਾਸ ਇਲਹਾਮਾਂ ਦਾ ਸਿਲਸਲਾ ਵੀ ਸ਼ੁਰੂ ਹੋਇਆ ਸੀ। ਰਾਜ਼ੀਆ ਮਰਜ਼ੀਆ ਦਾ ਵਾਅਦਾ ਹੋਇਆ, ਮਰਤਬਾ ਵੀ ਇਰਸ਼ਾਦ ਹੋਇਆ ਸੀ ਕਿਉਂਕਿ ਹਰ ਮਰਤਬੇ ਅਤੇ ਮੈਅਰਾਜ੍ਹ ਦਾ ਤਾਅਲੁੱਕ 15 ਰਮਜ਼ਾਨ ਤੋਂ ਹੈ। ਇਸ ਲਈ ਇਸੇ ਦਿਨ ਇਸ ਖੁਸ਼ੀ ਦੇ ਵਿੱਚ ਜਸ਼ਨ ਸ਼ਾਹੀ ਮਨਾਇਆ ਜਾਂਦਾ ਹੈ।

1978 ਵਿੱਚ ਹੈਦਰਾਬਾਦ ਆ ਕੇ ਰਸ਼ਦੋ ਹਿਦਾਇਤ ਦਾ ਸਿਲਸਲਾ ਜਾਰੀ ਕਰ ਦਿੱਤਾ ਅਤੇ ਦੇਖਦੇ ਹੀ ਦੇਖਦੇ ਇਹ ਸਿਲਸਲਾ ਪੂਰੀ ਦੁਨੀਆਂ ਵਿੱਚ ਫੈਲ ਗਿਆ। ਲੱਖਾਂ ਲੋਕਾਂ ਦੇ ਕਲੂਬ 'ਅੱਲਾਹ ਅੱਲਾਹ' ਵਿੱਚ ਲੱਗ ਗਏ। ਲੱਖਾਂ ਲੋਕਾਂ ਦੇ ਕਲੂਬ ਪਰ (ਇਸਮ) ਨਾਮ ਅੱਲਾਹ ਨਕਸ਼ ਹੋਇਆ ਅਤੇ ਇਹਨਾਂ ਨੂੰ ਨਜ਼ਰ ਆਇਆ। ਲੱਖਾਂ ਲੋਕ ਕਸ਼ਫ-ਅਲ-ਹਜ਼ੂਰ ਤੱਕ

ਪਹੁੰਚੇ। ਲੱਖਾਂ ਲਾਇਲਾਜ ਮਰੀਜ਼ ਤੰਦਰੁਸਤ ਹੋਏ। ਹਰ ਧਰਮ, ਹਰ ਕੌਮ, ਹਰ ਨਸਲ ਦੇ ਲੋਕ ਹਜ਼ਰ ਗੌਹਰ ਸ਼ਾਹੀ ਤੋਂ ਰਸ਼ਦੋ ਹਿਦਾਇਤ ਹਾਸਿਲ ਕਰ ਕੇ ਅੱਲਾਹ ਦੀ ਮੁਹੱਬਤ ਅਤੇ ਜ਼ਾਤ ਤੱਕ ਪਹੁੰਚਣਾ ਸ਼ੁਰੂ ਹੋ ਗਏ।

ਖੁਦਾ ਦੀ ਕਸਮ! ਮੈਂ ਵੀ ਇਹਨਾਂ ਹੀ ਲੋਕਾਂ ਵਿੱਚੋਂ ਹਾਂ ਜਿਹਨਾਂ ਦੇ ਦਿਲਾਂ ਪਰ ਖੁਸ਼ਖੱਤ ਲਿਖਿਆ ਹੋਇਆ ਨਾਮ ਅੱਲਾਹ ਚਮਕ ਰਿਹਾ ਹੈ। (ਅਜ਼ ਸ਼ੇਖ ਨਿਜ਼ਾਮੁਦੀਨ... ਮੇਰੀ ਲੰਡਨ ਅਮਰੀਕਾ)

## ਚੰਦ ਅਤੇ ਸੂਰਜ ਪਰ ਤਸਵੀਰ ਦੇ ਬਾਰੇ ਮੇਂ ਮੁਕੰਮਲ ਵਜ਼ਾਹਤ

ਗੌਹਰ ਸ਼ਾਹੀ ਰੂਹਾਨੀ ਤਾਲੀਮ ਅਤੇ ਜਗ੍ਹਾ-ਜਗ੍ਹਾ ਖੁਤਬਾਤ

ਦੇ ਜ਼ਰੀਏ ਪੂਰੀ ਦੁਨੀਆਂ ਵਿੱਚ ਮਸ਼ਹੂਰ ਤੇ ਦਿਲ ਅਜ਼ੀਜ਼ ਹੋ ਗਏ।

1994 ਵਿੱਚ ਮਾਨਚੈਸਟਰ (ਇੰਗਲੈਂਡ) ਵਿੱਚ ਕੁੱਝ ਲੋਕਾਂ ਨੇ ਚੰਦ ਪਰ ਗੌਹਰ ਸ਼ਾਹੀ ਦੀ ਤਸਵੀਰ ਦੀ ਨਿਸ਼ਾਨਦੇਹੀ ਕੀਤੀ। ਫਿਰ ਪਾਕਿਸਤਾਨ ਅਤੇ ਦੂਜੇ ਮੁਲਕਾਂ ਤੋਂ ਵੀ ਸ਼ਹਾਦਤਾਂ ਵਸੂਲ ਹੋਈਆਂ। ਵੀਡੀਓ ਦੇ ਜ਼ਰੀਏ ਚੰਦ ਦੀਆਂ ਤਸਵੀਰਾਂ ਬਣਾਈਆਂ ਗਈਆਂ। ਫਿਰ ਬੈਰੂਨ ਮੁਲਕਾਂ ਤੇ ਨਾਸਾ ਤੋਂ ਚੰਦ ਦੀਆਂ ਤਸਵੀਰਾਂ ਮੰਗਵਾਈਆਂ ਗਈਆਂ। ਸ਼ੁਰੂ ਵਿੱਚ ਤਸਵੀਰਾਂ ਮੱਧਮ ਸੀ ਲੇਕਿਨ ਪਿਛਲੇ ਦੋ ਸਾਲਾਂ ਤੋਂ ਇੰਨੀਆ ਜ਼ਾਹਿਰ ਹੋਈਆਂ ਕਿ ਦੂਰਬੀਨ ਜਾਂ ਕੰਪਿਊਟਰ ਦੇ ਬਿਗੈਰ ਵੀ ਦੇਖੀਆਂ ਜਾ ਸਕਦੀਆਂ ਹਨ। 1996 ਵਿੱਚ ਸਾਡੇ ਨੁਮਾਇੰਦੇ ਜ਼ਫਰ ਹੁਸੈਨ ਨੇ ਨਾਸਾ ਵਾਲਿਆਂ ਨੂੰ ਨਿਸ਼ਾਨਕੇਹੀ ਕਰਾਈ। ਉਹਨਾਂ ਨੇ ਕਿਹਾ ਸਾਨੂੰ ਪਤਾ ਹੈ ਕਿ ਚੰਦ 'ਤੇ ਚਿਹਰਾ ਹੈ। ਚਿਹਰਾ ਈਸਾ ਅਲੈ. ਦਾ ਹੈ। ਦੋ ਸੌ ਮੀਲ ਲੰਬੀ ਰੌਸ਼ਨੀ ਨਾਲ ਪਤਾ ਲੱਗਦਾ ਹੈ। ਅਮਰੀਕੀ ਸ਼ਹਿਰੀਆਂ ਨੇ ਵੀ ਨਾਸਾ 'ਤੇ ਜ਼ੋਰ ਦਿੱਤਾ ਕਿ ਇਸ ਤਸਵੀਰ ਬਾਰੇ ਵਿੱਚ ਕੁੱਝ ਵਜ਼ਾਹਤ ਕੀਤੀ ਜਾਵੇ, ਲੇਕਿਨ (ਗੌਹਰ ਸ਼ਾਹੀ ਦਾ) ਈਸਾਈ ਹੋਣ ਦੀ ਵਜਾਹ ਨਾਲ ਨਾਸਾ ਖਾਮੋਸ਼ ਰਿਹਾ। ਬਲਕਿ ਨਸਾ ਦੇ ਹੀ ਪ੍ਰੋਫੈਸਰ ਮਾਹਿਰ ਫਲਕੀਆਤ (Dinsmor Alter) ਨੇ ਆਪਣੀ ਲਿਖਤ ਕਿਤਾਬ ਵਿੱਚ ਤਸਵੀਰ ਨੂੰ ਕੁੱਝ ਰੱਦੋ-ਬਦਲ ਕਰ ਕੇ ਔਰਤ ਦੇ ਰੂਪ ਵਿੱਚ ਪੇਸ਼ ਕੀਤਾ। ਪੂਰੀ ਈਸਾਈ ਮਿਸ਼ਨਰੀ ਵਿੱਚ ਇਹ ਅਫਵਾਹ ਫੈਲਾਈ ਕਿ ਚੰਦ ਪਰ ਹਜ਼ਰਤ ਮਰੀਅਮ ਅਲੈ. ਦੀ ਤਸਵੀਰ ਹੈ।

ਜਦੋਂ ਪਾਕਿਸਤਾਨ ਦੇ ਅਖ਼ਬਾਰਾਂ ਵਿੱਚ ਇਹ ਖ਼ਬਰ ਛਪੀ ਤਾਂ ਬਹੁਤ ਲੋਕਾਂ ਨੇ ਇਸ ਦੀ ਤਹਿਕੀਕ ਦੇ ਬਾਅਦ ਤਸਦੀਕ ਕੀਤੀ। ਬਹੁਤ ਸਾਰੇ ਲੋਕਾਂ ਨੇ ਬਿਗੈਰ ਤਹਿਕੀਕ ਦੇ ਮਖੌਲ ਉਡਾਇਆ ਅਤੇ ਬਹੁਤ ਲੋਕਾਂ ਨੇ ਇਸ ਨੂੰ ਜਾਦੂ ਸਮਝਿਆ। ਕੁੱਝ ਸਮੇਂ ਬਾਅਦ ਪੁਲਾੜ ਵਿੱਚ ਵੀ ਤਸਵੀਰ ਦਾ ਸ਼ੋਰ ਹੋਇਆ। ਲੇਕਿਨ ਉਸ ਦਾ ਅਸਰ ਜ਼ਾਕਰਾਂ (ਮੁਅੱਤਕਦੀਨ ਗੌਹਰ ਸ਼ਾਹੀ) ਦੇ ਇਲਾਵਾ ਕਿਤੇ ਵੀ ਨਾ ਦਿਖਿਆ। 1998 ਵਿੱਚ ਪਰਚਮ ਅਖ਼ਬਾਰ ਵਿੱਚ ਇਹ ਖ਼ਬਰ ਛਪੀ ਕਿ ਹਜਰਾ ਅਸਵਦ ਵਿੱਚ ਕਿਸੇ ਦੀ (ਸ਼ਬੀ) ਤਸਵੀਰ ਦੇਖੀ ਗਈ ਹੈ। ਅਸੀਂ ਸਭ ਇਸ ਸ਼ਬੀ ਦੇ ਬਾਰੇ ਪਹਿਲਾਂ ਹੀ ਜਾਣਕਾਰੀ ਰੱਖਦੇ ਸੀ। ਬਲਕਿ ਹਜਰਾ ਅਸਵਦ ਦੇ ਕਈ ਤਗਰੇ ਨਿਸ਼ਾਨਦੇਹ ਵੀ ਸਾਡੇ ਪਾਸ ਮੌਜੂਦ ਸਨ ਅਤੇ ਤਕਰੀਬਨ ਹਰ ਸਰਫਰੋਸ਼ ਤਹਿਕੀਕ

ਕਰ ਚੁੱਕਿਆ ਸੀ। ਖਾਮੋਸ਼ੀ ਦੀ ਵਜਾਹ ਮੁਸਲਮਾਨਾਂ ਵਿੱਚ ਫਿਤਨੇ ਦਾ ਅੰਦੇਸ਼ਾ ਸੀ। ਲੇਕਿਨ ਅਖ਼ਬਾਰੀ ਖ਼ਬਰ ਦੇ ਬਾਅਦ ਸਾਨੂੰ ਵੀ ਹੌਸਲਾ ਹੋਇਆ ਅਤੇ ਭਰਪੂਰ ਅੰਦਾਜ਼ ਵਿੱਚ ਪ੍ਰੈੱਸ ਰਿਲੀਜ਼ ਛਾਪੀ ਗਈ। ਤਕਰੀਬਨ ਹਰ ਮੁਸਲਮਾਨ ਨੇ ਉਸ ਦੀ ਤਹਿਕੀਕ ਕੀਤੀ ਕਿਉਂਕਿ ਮੁਸਲਮਾਨਾਂ ਦੇ ਈਮਾਨ ਦੀ ਬਾਤ ਸੀ। (ਕਸੀਰ) ਬਹੁਤ ਸਾਰੇ ਲੋਕ ਸਹਿਮਤ ਹੋਏ ਕਿਉਂਕਿ ਤਸਵੀਰ ਇਤਨੀ ਸਾਫ ਸੀ ਕਿ ਇਸ ਨੂੰ ਝੁਠਲਾਉਣਾ ਮੁਸ਼ਕਿਲ ਸੀ। ਇਸ ਲਈ ਕਈ ਲੋਕਾਂ ਨੇ ਮਸ਼ਹੂਰ ਕਰ ਦਿੱਤਾ ਕਿ ਇਹ ਵੀ ਜਾਦੂ ਹੈ।

ਤਕਰੀਬਨ ਹਰ ਮੁਲਕ ਵਿੱਚ ਚੰਦ ਅਤੇ ਹਜਰਾ ਅਸਵਦ ਦੀ ਤਸਵੀਰ ਰੋਸ਼ਨਾਸ ਕਰਾਈ ਗਈ। ਸਾਊਦੀ ਅਰਬ ਅਤੇ ਉਸ ਦੇ ਹਮਨਵਾ ਸ਼ੈਖ ਪਾ ਹੋ ਗਏ ਜੈਸੇ ਕਿ ਹਜਰਾ ਅਸਵਦ ਵਿੱਚ ਤਸਵੀਰ ਗੌਹਰ ਸ਼ਾਹੀ ਨੇ ਲਗਾਈ ਹੋਵੇ। ਉਹ ਕਹਿੰਦੇ ਹਨ ਕਿ ਤਸਵੀਰ ਹਰਾਮ ਹੁੰਦੀ ਹੈ। ਹਜਰਾ ਅਸਵਦ ਪਰ ਕਿਵੇਂ ਆਈ ? ਇਹ ਨਾ ਸੋਚਿਆ ਕਿ ਰੱਬ ਦੀ ਤਰਫੋਂ ਕੋਈ ਵੀ ਨਿਸ਼ਾਈ ਹਰਾਮ ਨਹੀਂ ਹੋ ਸਕਦੀ। ਸਾਊਦੀ ਹਕੂਮਤ ਨੇ ਆਪਣੀ ਸ਼ਰੱਈ ਅਦਾਲਤਾਂ ਰਾਹੀਂ ਇਹ ਫੈਸਲਾ ਲੈ ਲਿਆ ਕਿ ਗੌਹਰ ਸ਼ਾਹੀ ਵਾਜਬ-ਅਲ-ਕਤਲ ਹੈ।

ਅਗਰ ਗੌਹਰ ਸ਼ਾਹੀ ਸਰਜ਼ਮੀਨ ਮੱਕਾ ਵਿੱਚ ਕਦਮ ਰੱਖੇ ਤਾਂ ਉਸ ਨੂੰ ਕਤਲ ਕਰ ਦਿੱਤਾ ਜਾਵੇਗਾ। ਪਾਕਿਸਤਾਨ ਵਿੱਚ ਵੀ ਸਾਊਦੀ ਨਵਾਜ਼ ਫਿਰਕੇ ਗੌਹਰ ਸ਼ਾਹੀ ਅਤੇ ਉਸ ਦੀ ਤਾਅਲੀਮਾਤ ਨੂੰ ਮਿਟਾਉਣ ਦੀ ਸਿਰਤੋੜ ਕੋਸ਼ਿਸ਼ ਕਰ ਰਹੇ ਹਨ। ਝੂਠੇ ਮੁਕੱਦਮੇ ਜਿਵੇਂ ਦਫਾ 295 ਦਾ ਵੀ ਮੁਕੱਦਮਾ ਬਣਾ ਦਿੱਤਾ ਗਿਆ ਅਤੇ ਕਈ ਦਫਾ ਗੌਹਰ ਸ਼ਾਹੀ ਪਰ ਕਾਤਲਾਨਾ ਹਮਲੇ ਵੀ ਕੀਤੇ ਗਏ।

ਹੁਣ ਸੂਰ ਪਰ ਵੀ ਗੌਹਰ ਸ਼ਾਹੀ ਦੀ ਤਸਵੀਰ ਦਿਖਣ ਲੱਗ ਪਈ ਹੈ।

ਅਸੀਂ ਹਕੂਮਤ ਪਾਕਿਸਤਾਨ ਨੂੰ ਮੁਕੱਦਮਿਆਂ ਦੀ ਵਜਾਹ ਅਤੇ ਤਸਵੀਰ ਦੀ ਤਹਿਕੀਕ ਦੇ ਲਈ ਕਈ ਵਾਰ ਕਿਹਾ ਹੈ, ਪ੍ਰੰਤੂ ਅੱਲਾਹ ਦੀਆਂ ਇਹਨਾਂ ਨਿਸ਼ਾਨੀਆਂ ਨੂੰ ਹਕੂਮਤੀ ਤੌਰ 'ਤੇ ਫਿਰਕਾਵਾਰੀਅਤ ਦੇ ਦਬਾਓ ਦੀ ਵਜਾਹ ਨਾਲ ਝੁਠਲਾਇਆ ਗਿਆ। ਬਲਕਿ ਨਵਾਜ਼ ਦੀ ਸਰਕਾਰ ਨੇ ਸਿੰਧ ਹਕੂਮਤ ਪਰ ਵੀ ਜ਼ੋਰ ਦਿੱਤਾ ਕਿ ਗੌਹਰ ਸ਼ਾਹੀ ਨੂੰ ਕਿਸੇ ਤਰੀਕੇ ਨਾਲ ਫਸਾਇਆ, ਦਬਾਇਆ, ਮਿਟਾਇਆ ਜਾਵੇ। ਹੁਣ ਅਸੀਂ ਫੌਜੀ ਹਕੂਮਤ ਨਾਲ ਰਾਬਤਾ ਕਰ ਰਹੇ ਹਾਂ ਕਿ ਉਹ ਇਹਨਾਂ ਨਿਸ਼ਾਨੀਆਂ ਦੀ ਇਨਸਾਫ ਨਾਲ ਤਹਿਕੀਕ ਕਰੇ ਅਤੇ ਕਿਸੇ ਵੀ ਡਰ, ਖੌਫ, ਦਬਾਓ ਜਾਂ ਫਿਰਕਾਵਾਰੀਅਤ ਦੀ ਵਜਾਹ ਨਾਲ ਅੱਲਾਹ ਦੀਆਂ ਨਿਸ਼ਾਨੀਆਂ ਨੂੰ ਨਾ ਝੁਠਲਾਇਆ ਜਾਵੇ। ਅੱਲਾਹ ਦੀਆਂ ਇਹ ਨਿਸ਼ਾਨੀਆਂ ਫਿਤਨਾ ਪੈਦਾ ਕਰਨ ਲਈ ਨਹੀਂ ਬਲਕਿ ਫਿਤਨਾ ਮਿਟਾਉਣ ਦੇ ਲਈ ਹਨ। ਇਸ ਦਾ ਸਬੂਤ ਹੈ ਕਿ ਗੌਹਰ ਸ਼ਾਹੀ ਦਾ ਦਰਸ ਜੋ ਅਮਨ ਅਤੇ ਅੱਲਾਹ ਦੀ ਮੁਹੱਬਤ ਦਾ ਦਰਸ ਹੈ ਜਿਸ ਦੇ ਰਾਹੀਂ ਹਰ (ਮਜ਼ਹਬ) ਧਰਮ ਵਾਲੇ ਆਪਣੀ ਇਸਲਾਹ ਕਰਨ ਵਿੱਚ ਲੱਗ ਗਏ। ਅੱਜ ਹਿੰਦੂ,

ਸਿੱਖ, ਈਸਾਈ ਗੌਹਰ ਸ਼ਾਹੀ ਦੀ ਅਕੀਦਤ ਦੀ ਵਜਾਹ ਨਾਲ ਇੱਕ ਪਲੇਟ ਫਾਰਮ ਪਰ ਜਮ੍ਹਾਂ ਹੋ ਰਹੇ ਹਨ। ਇਤਿਹਾਸ ਵਿੱਚ ਇਹ ਪਹਿਲਾ ਰਿਕਾਰਡ ਹੈ ਕਿ ਕਿਸੇ ਵੀ ਮੁਸਲਿਮ ਨੂੰ ਗਿਰਜੇ, ਮੰਦਰਾਂ ਅਤੇ ਗੁਰਦੁਆਰਿਆਂ ਵਿੱਚ ਵਾਅਜ਼ ਤੇ ਤਕਰੀਰ ਦੇ ਲਈ ਚਬੂਤਰੇ, ਗੱਦੀਆਂ 'ਤੇ ਬਿਠਾਇਆ ਗਿਆ ਹੋਵੇ।

ਐਸੇ ਸ਼ਖਸ ਦੀ ਦਿਲਜੋਈ ਕੀਤੀ ਜਾਣੀ ਚਾਹੀਦੀ ਹੈ ਜੋ ਮੁਲਕ ਦੇ ਲਈ ਮਾਣ ਵਾਲਾ ਹੋਵੇ। ਜਿਸ ਦੀ ਨਜ਼ਰ ਨਾਲ ਲੋਕਾਂ ਦੇ ਦਿਲ 'ਅੱਲਾਹ-ਅੱਲਾਹ' ਵਿੱਚ ਲੱਗ ਕੇ ਅੱਲਾਹ ਦੇ ਨਾਲ ਮੁਹੱਬਤ ਕਰਨ ਵਾਲੇ ਬਣ ਗਏ ਹੋਣ।

